# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR


ਸਿਧ ਬੋਲਨਿ ਸੁਭ ਬਚਨ ਧੰਨੁ ਨਾਨਕ ਤੇਰੀ ਵਡੀ ਕਮਾਈ ॥
ਵਡਾ ਪੁਰਖੁ ਪਰਗਟਿਆ ਕਲਿਜੁਗ ਅੰਦਰਿ ਜੋਤਿ ਜਗਾਈ ॥ ੪੪ ॥ ੧ ॥


NOV 1986

ਨਵੰਬਰ ੧੯੮੬


## ਸਭ ਤੇ ਵਡਾ
## ੴ
## ਸਤਿਗੁਰੂ ਨਾਨਕ
## ਜਿਨਿ ਕਲ ਰਾਖੀ ਮੇਰੀ

(ਮ: ੫)

ਅਖੰਡ ਕੀਰਤਨੀ ਜਥਿਆਂ ਵਲੋਂ ਗੁਰੂ ਨਾਨਕ ਨਿਰੰਕਾਰੀ ਪ੍ਰਕਾਸ਼ ਉਤਸ਼ਵ ਗੁਰਪੁਰਬ
ਜਲੰਧਰ ਵਿਖੇ ੧੪ ਤੋਂ ੧੭ ਨਵੰਬਰ ਸਵੇਰ ਤਕ ਮਨਾਇਆ ਜਾ ਰਿਹਾ ਹੈ ।


www.AKJ.Org

# ਤ ਤ ਕ ਰਾ


| | | |
|---|---|---|
| ਥੰਮੇ ਕੋਇ ਨ ਸਾਧ ਬਿਨੁ | ੩ | ਭਾਈ ਗੁਰਦਾਸ ਜੀ |
| ਜੋਤਿ ਚਾਨਣਾ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਤੀਜੀ ਡਿਮੈਨਸ਼ਨ--ਉਚਾਈ | ੯ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਗੁਰੂ ਨਾਨਕ ਪਾਤਿਸ਼ਾਹ ਅਤੇ ਕੌਡਾ ਭੀਲ | ੧੨ | ਪ੍ਰੋਫੈਸਰ ਸਾਹਿਬ ਸਿੰਘ ਜੀ |
| ਰੰਗ ਕਰਤਾਰ ਦੇ (ਕਵਿਤਾ) | ੧੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਬਗ਼ਦਾਦ-ਫੇਰੀ | ੧੫ | ਸ: ਨਿਰਮਲ ਸਿੰਘ ਜੀ |
| ਪਹਿਲਾ ਘਲੂਘਾਰਾ (੧) | ੧੭ | ਕੈਪਟਿਨ ਸਵਰਨ ਸਿੰਘ ਜੀ |
| ਇਕ ਪੱਤਰ ਨੈਨੀ ਜੇਲ੍ਹ ਤੋਂ | ੨੪ | ਸਿਖ ਸੈਨਿਕ ਕੈਦੀ |
| ਭਾਰਤ ਸਰਕਾਰ ਦੇ ਧਰਮ-ਨਿਰਪੇਖਤਾ ਦੇ ਦਾਅਵੇ | ੨੬ | ਸ: ਨਰੈਣ ਸਿੰਘ ਜੀ ਐਮ.ਏ. |
| ਲੋਕ ਸੱਚਮੁੱਚ ਪਾਗਲ ਹੋ ਗਏ ਹਨ | ੨੯ | ਡਾ: ਮਹੀਪ ਸਿੰਘ ਜੀ |
| ਨਾਲ ਪਿਆਰ ਦੇ ਗੱਲ ਵੀ ਕਰ ਵੇਖੋਂ (ਕਵਿਤਾ) | ੩੧ | ਗਿ: ਗੋਪਾਲ ਸਿੰਘ ਜੀ ਮਿੱਤਰ |
| ਇਨਸਾਨੀਅਤ ਅੱਜ ਰੋ ਰੋ ਪੁਕਾਰਦੀ ਹੈ ( ,, ) | ੩੧ | ,, ,, ,, |
| ਭਾਈ ਸੁਬੇਗ ਸਿੰਘ ਸ਼ਾਹਬਾਜ਼ ਸਿੰਘ ( ,, ) | ੩੩ | ਸ: ਅਤਰ ਸਿੰਘ ਜੀ ਨੀਰ |
| ਪੱਗੜੀ ਸੰਭਾਲ ਸਿੰਘਾ, ਪੱਗੜੀ ਸੰਭਾਲ ਓਏ ( ,, ) | ੩੫ | ਸ: ਤੇਗ ਬਹਾਦਰ ਸਿੰਘ ਤੇਗ |
| ਸਾਡੀ ਸਿਹਤ--ਵਜ਼ਨ | ੩੬ | ਬਾਵਾ ਗੁਰਕਿਰਪਾਲ ਸਿੰਘ ਜੀ |
| ਹਿੰਦ ਸਮਾਚਾਰ ਦਾ ਵਾਵੇਲਾ ਫ਼ਜ਼ੂਲ | ੩੮ | ਸ: ਵਰਿਆਮ ਸਿੰਘ ਜੀ |
| ਬੀਬੀ ਨਾਨਕੀ | ੪੦ | ਸ: ਤੇਜਾ ਸਿੰਘ ਜੀ ਐਮ.ਏ. |


ਸ੍ਰੀ ਗੁਰੂ ਗ੍ਰੰਥ ਸਾਹਿਬ ਗਦੀ ਨੰਦੇੜ ੩ ਨਵੰਬਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ੬ ਨਵੰਬਰ

ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ ੧੯ ਨਵੰਬਰ

## 'ਸੂਰਾ' ਮਾਸਕ ਪੱਤਰ ਨੂੰ ਸਤੰਬਰ ਤੇ ਅਕਤੂਬਰ ਵਿਚ ਪੁਜੀ ਸਹਾਇਤਾ

| | | | |
|---|---|---|---|
| ਸ: ਰਾਜਿੰਦਰ ਸਿੰਘ, ਡਡਲੀ ਯੂ ਕੇ | ੫੧-੩੫ | ਸ: ਮਹਿਤਾਬ ਸਿੰਘ, ਖੰਨਾ (ਲੁਧਿਆਣਾ) | ੧੦੦-੦੦ |
| ਸੰਗਤ ਜੁਲੀਟਨ ਪ੍ਰਾਜੈਕਟ ਗੁਰਦਵਾਰਾ ਲਿਬੀਆ | ੩੦੦-੦੦ | ਬੀਬੀ ਰਾਮ ਕੌਰ, ਦਿਲੀ | ੧੦੦-੦੦ |
| ਬੀ: ਜਸਵੰਤ ਕੌਰ ਸੁਪਤਨੀ ਸ: ਨਿਰਮਲ ਸਿੰਘ ਕੰਗ ਸਲੋਅ ਯੂ.ਕੇ. | ੬੨-੭੦ | ਸ: ਭਗਵਾਨ ਸਿੰਘ, ਦਿਲੀ | ੧੧-੦੦ |
| | | ਸ: ਕਰਤਾਰ ਸਿੰਘ, ਨਵੀਂ ਦਿਲੀ | ੭੧-੦੦ |
| ਸ: ਸੁਖਦੇਵ ਸਿੰਘ, ਆਸਟ੍ਰੇਲੀਆ | ੧੦੦-੦੦ | ਬੀਬੀ ਮਨਜੀਤ ਕੌਰ, ਦਿਲੀ | ੧੦੦-੦੦ |
| ਸ: ਹਰਜੀਤ ਸਿੰਘ ਤੇਜਾ, ਵੈਨਕੋਵਰ | ੭੫-੦੦ | ਗੁਪਤ | ੨੧-੦੦ |
| ਭਾਈ ਜਰਨੈਲ ਸਿੰਘ, ਲੀਮਿੰਗਟਨ ਯੂ. ਕੇ | ੬੦-੪੦ | ਗਿ: ਗੋਪਾਲ ਸਿੰਘ ਮਿੱਤਰ, ਮਾਲਬ | ੫-੦੦ |
| ਭਾਈ ਰਘਬੀਰ ਸਿੰਘ, ਲੀਮਿੰਗਟਨ ਯੂ. ਕੇ. | ੧੦-੪੦ | ਬਾਬੂ ਭਗਵਾਨ ਦਾਸ, ਨਵੀਂ ਦਿਲੀ | ੧੦-੦੦ |

| | | |
|---|---|---|
| ਭਾਈ ਗੁਰਨਾਮ ਸਿੰਘ, ਬੀਬੀ ਸੀਤਲ ਕੌਰ ਤੇ ਬੱਚੀ ਸ਼ਰਨ ਕੌਰ ਰੇਡਿੰਗ ਯੂ. ਕੇ. | ਸਮਾਗਮ ਸਮੇਂ | ੭੦੪-੧੪ |
| ਭਾਈ ਅਮਰ ਸਿੰਘ ਸ਼ਤੀਰੀਆਂ ਵਾਲੇ, ਅੰਮ੍ਰਿਤਸਰ | ਸਿੰਘਣੀ ਬੀਬੀ ਕਿਰਪਾਲ ਕੌਰ ਦੇ ਅੰਤਮ ਭੋਗ ਸਮੇਂ | ੧੧੪-੪੦ |
| ਸ: ਤਵਿੰਦਰ ਸਿੰਘ ਚੰਢੋਕ, ਲੁਧਿਆਣਾ | ਚੜ੍ਹਾਵਾ, ਪਿਤਾ ਸ: ਗੁਰਬਖਸ਼ ਸਿੰਘ ਦੇ ਅੰਤਮ ਭੋਗ ਸਮੇਂ | ੫੦-੦੦ |
| ਪਰਵਾਰ ਭਾਈ ਅਵਤਾਰ ਸਿੰਘ ਦਿਲੀ | ਭਾਈ ਅਵਤਾਰ ਸਿੰਘ ਜੀ ਦੀ ਅੰਤਮ ਯਾਦ ਵਿਚ | ੫੦-੦੦ |
| ਬੀਬੀ ਕੁਲਦੀਪ ਕੌਰ, ਦਿਲੀ | ਸਰਦਾਰ ਸਾਹਿਬ ਦੀ ਯਾਦ ਵਿਚ | ੩੧-੦੦ |
| ਭਾਈ ਕਿਰਪਾਲ ਸਿੰਘ ਖਾਲਸਾ ਨਿਸ਼ਾਨ ਮੇਕਰ, ਲੁਧਿਆਣਾ | ਪੋਤਰੇ ਦੇ ਜਨਮ ਦੀ ਖੁਸ਼ੀ ਵਿਚ | ੧੧-੦੦ |
| ਸ: ਕੇਸ਼ਵ ਸਿੰਘ, ਕਲਕੱਤਾ | ਕੈਨੇਡਾ ਵਿਚ ਆਪਣੇ ਅਨੰਦ ਕਾਰਜ ਸਮੇਂ ਚੜ੍ਹਾਵਾ | ੬੦-੦੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅੰਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੩-੧੧-੮੯ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 51847 ਘਰ : 43094



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੫੦

**ਪਰਦੇਸ (ਸਾਰੇ ਦੇਸ)**
**ਸਾਲਾਨਾ ਚੰਦਾ**

ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦

**ਅਮਾਨਤੀ**
**ਲਾਈਫ਼ ਮੈਂਬਰ**

ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੦ | ਨਵੰਬਰ ੧੯੮੬ | ਅੰਕ ੧੧


## ਥੰਮੇ ਕੋਇ ਨ ਸਾਧ ਬਿਨੁ

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ[1] ਪ੍ਰਭੁ ਆਪੇ ਹੋਆ ॥
ਆਪੇ ਪਟੀ ਕਲਮ ਆਪਿ ਆਪੇ ਲਿਖਣਹਾਰਾ ਹੋਆ ॥
ਬਾਝੁ ਗੁਰੂ ਅੰਧੇਰੁ ਹੈ, ਖਹਿ ਖਹਿ ਮਰਦੇ ਬਹੁ ਬਿਧਿ ਲੋਆ[2] ॥
ਵਰਤਿਆ ਪਾਪੁ ਜਗਤ੍ਰ ਤੇ,[3] ਧਉਲ ਉਡੀਣਾ ਨਿਸਦਿਨ[4] ਰੋਆ ॥
ਬਾਝੁ ਦਇਆ ਬਲਹੀਣ ਹੋਇ, ਨਿਘਰ ਚਲੋ ਰਸਾਤਲਿ ਟੋਆ ॥
ਖੜਾ ਇਕਤ ਪੈਰ ਤੇ, ਪਾਪ ਸੰਗਿ ਬਹੁ ਭਾਰਾ ਹੋਆ ॥
[5]ਥੰਮੇ ਕੋਇ ਨ ਸਾਧ ਬਿਨੁ, ਸਾਧੁ ਨ ਦਿਸੈ ਜਗ ਵਿਚਿ ਕੋਆ ॥
ਧਰਮ ਧਉਲ ਪੁਕਾਰੈ ਤਲੈ ਖੜੋਆ ॥ ੨੨ ॥

[ਭਾਈ ਗੁਰਦਾਸ ਜੀ, ਵਾਰ ੧

੧. ਨਿਆਂਕਾਰੀ । ੨. ਲੋਕ, ਲੁਕਾਈ, ਜਗਤ । ੩. ਧਰਮ ਧੌਲ ਉਦਾਸ ਹੋਇਆ (ਧੌਲੁ ਧਰਮੁ ਦਇਆ ਕਾ ਪੂਤੁ—ਜਪੁਜੀ) । ੪. ਰਾਤ ਦਿਨ, ਹਰ ਵੇਲੇ । ੫. ਧਰਮ ਰੂਪੀ ਬਲਦ (ਜੋ ਧਰਤੀ ਭਾਵ ਸ੍ਰਿਸ਼ਟੀ ਦਾ ਸਹਾਰਾ ਹੈ ਅਤੇ ਜੋ ਦਇਆ ਦੇ ਬਲ ਦੇ ਤਾਣ ਕਾਇਮ ਰਹਿ ਸਕਦਾ ਹੈ, ਦਇਆ ਤੋਂ ਹੀਣਾ ਹੋ ਚੁਕਾ ਹੈ), ਇਸ ਧਰਮ-ਬਲਦ ਨੂੰ 'ਸਾਧ-ਗੁਰੂ ਨਾਨਕ' ਤੋਂ ਬਿਨਾਂ ਕੋਈ ਥੰਮ੍ਹ ਨਹੀਂ ਸਕਦਾ ।




www.AKJ.Org

# ਜੋਤਿ ਚਾਨਣਾ

(ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ)

**ਜੋ ਸੁਖੁ ਦਰਸਨੁ ਪੇਖਤੇ ਪਿਆਰੇ ਮੁਖ ਤੇ ਕਹਣੁ ਨ ਜਾਇ ॥੫॥**
**ਸਾਚੀ ਪ੍ਰੀਤਿ ਨ ਤੁਟਈ ਪਿਆਰੇ ਜੁਗੁ ਜੁਗੁ ਰਹੀ ਸਮਾਇ ॥੬॥**

(ਆਸਾ ਮ: ੫ ਬਿਰਹੜੇ, ਪੰਨਾ ੪੩੧-੩੨)

ਆਹ ! ਜੁਗ ਜੁਗ ਸਮਾਇ ਰਹੀ ਪ੍ਰੀਤਿ !! ਵਾਹਿ ਸੁਖ-ਦਰਸ਼ਨੀ ਸੱਚੀ ਪ੍ਰੀਤਿ !! ਚਰਨ ਕੰਵਲ ਦੇ ਜਲਵਿਆਂ ਵਾਲੀ ਪ੍ਰੀਤਿ ! ਕਦੇ ਨਾ ਤੁਟਣ ਵਾਲੀ ਪੀਡੀਆਂ ਗੰਢਾਂ ਵਾਲੀ ਪ੍ਰੀਤਿ !! ਪ੍ਰਸਪਰ ਪ੍ਰੇਮ-ਜਫੀਆਂ ਵਿਚ ਜਕੀੜੇ ਰਹਿਣ ਵਾਲੀ ਪ੍ਰੀਤਿ, ਕੇਵਲ ਤਿਨ੍ਹਾਂ ਨਾਮ-ਤਾਰ ਵਿਚਿ ਪ੍ਰੋਤੀਆਂ ਜਿੰਦੜੀਆਂ ਦੇ ਅੰਤਰਿ ਆਤਮੇ ਹੀ ਸਦ ਸਦਾ ਜੋਤਿ ਜਲਵਨਿਆਂ ਅਲਾਂਬਿਆਂ ਵਿਚਿ ਕਾਇਮ ਦਾਇਮ ਰਹਿੰਦੀ ਹੈ ਅਤੇ ਰਹਿ ਸਰਦੀ ਹੈ, ਜਿਨ੍ਹਾਂ ਨੇ ਜੋਤੀ ਸਰੂਪ ਪ੍ਰੀਤਮੁ, ਪ੍ਰੀਤਮੀ ਜੋਤਿ-ਬੁੱਕੇ ਦਾ ਸੁਖ-ਦਰਸ਼ਨ ਪਰਤੱਖ ਪੇਖਿਆ ਹੈ। ਤਿਸ ਸੁਖ-ਦਰਸ਼ਨ ਦਾ ਪ੍ਰੀਤਮੀ ਪ੍ਰਤਿਬਿੰਬ ਜਿਨ੍ਹਾਂ ਦੇ ਆਤਮੇ ਅੰਦਰਿ ਇਕ ਕ੍ਰਿਣ ਕ੍ਰਿਸ਼ਮਾਣੀ ਚਮਤਕਾਰੇ ਮਾਤਰ ਭੀ ਪ੍ਰਤਿਬਿੰਬਤ ਹੋ ਗਿਆ ਹੈ, ਤਿਥੇ ਅਤੇ ਤਿਨ੍ਹਾਂ ਨੂੰ ਦਰਸ਼ਨ-ਝਲਕਾਰੇ ਦੀਆਂ ਜੋਤਿ-ਤਾਰਾਂ ਇਕ ਅਧਿਭੁਤ ਜੋਤਿ-ਚਾਨਣੇ ਵਿਚਿ ਦਿਨੋ ਦਿਨ ਅਤੇ ਖਿਨੋ ਖਿਨ ਨੂਰ ਠਰ੍ਹੰਮੇ ਵਿਗਸਾਉ ਵਿਗਸਾਉਂਦੀਆਂ ਰਹਿੰਦੀਆਂ ਹਨ। ਵਾਹ ! ਵਾਹ !! ਇਸ ਜੋਤਿ-ਚਾਨਣੇ ਦੀ ਦਾਤਿ ਦਾ ਫ਼ੈਜ਼ ਕੇਵਲ ਗੁਰਮੁਖਿ ਜੀਉੜਿਆਂ ਨੂੰ ਹੀ ਪ੍ਰਾਪਤਿ ਹੈ ਅਤੇ **ਇਸ ਜੋਤਿ-ਚਾਨਣੇ ਦਾ ਫ਼ੈਜ਼-ਚਸ਼ਮਾ ਨਿਰੰਕਾਰੀ ਗੁਰੂ ਨਾਨਕ ਹੀ ਹੈ, ਹੋਰ ਕੋਈ ਨਹੀਂ।** ਨਿਰੰਕਾਰ ਨਾਲਿ ਇਕ ਮਿੱਕ ਹੋਏ ਅਜ਼ਲ ਅਬਦੀ ਅਭੇਦਤਾ ਵਾਲੇ ਗੁਰੂ ਨਾਨਕ ਨਿਰੰਕਾਰੀ ਨੇ ਜੋ ਖ਼ਾਸ ਆਦਰਸ਼ ਵਿਲੱਖਣੀ ਉਪਕਾਰ ਸਾਰੇ ਸੰਸਾਰ ਉਤੇ ਕੀਤਾ, ਓਹ ਇਹ ਕਿ ਸੱਚੇ ਜੋਤਿ-ਚਾਨਣੇ ਦੀ ਸੱਚੀ ਸੂਝ ਬੂਝ ਸੰਸਾਰੀਆਂ ਨੂੰ ਕਰਾਈ। ਪਰਮ ਜੋਤਿ-ਆਤਮੀ ਜੋਤਿ ਚਾਨਣੇ ਵਲੋਂ ਅਗਿਆਤ ਅਤੇ ਅੰਧਕਾਰ ਵਿਚ ਪਈ ਹੋਈ ਸ੍ਰਿਸ਼ਟੀ ਨੂੰ ਜਾਗਤ ਜੋਤਿ ਦੇ ਪਰਤੱਖ ਸੁਖ-ਦਰਸ਼ਨੀ ਜੋਤਿ ਨੂਰ ਜਲਵਿਆਂ ਦਾ ਦੀਦਾਰ ਕਰਾਇਆ। ਇਸ ਬਿਧਿ ਆਪਣੇ ਜੋਰਿ ਪੰਨੈ ਪਾਇਕੈ ਸ੍ਰਿਸ਼ਟਾਰੀਆਂ ਨੂੰ ਨਿਰੰਕਾਰੀ ਨੂਰ ਵਿਚ ਨੂਰਾਇਆ, ਲਖ ਕ੍ਰੋੜਾਂ ਅਰਬਾਂ ਖਰਬਾਂ ਗਗਨ-ਗੈਣਾਰੀ ਤਾਰਿਆਂ ਸਤਾਰਿਆਂ ਚੰਦ ਸੂਰਜ ਨਖਿਅਤਰਾਂ ਦੇ ਚਾਨਣੇ ਦੇ ਹੋਂਦਿਆਂ ਘੋਰ ਅੰਧਾਰ ਹੀ ਸੀ। ਸੱਚ ਮੁੱਚ "ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ"* ਹੀ ਹੈ। ਇਸ ਅਸਮਾਨ ਉਤੇ, ਗਗਨ ਅੰਬਰ ਉਤੇ ਦਿਸਣਹਾਰੇ ਤਾਰੇ ਸਤਾਰੇ ਸਾਰੇ ਚੰਦ ਸੂਰਜਾਂ ਦਾ ਜੋ ਚਾਨਣਾ ਹੈ, ਸੋ ਓਪਰਾ ਅਕਸ ਮਾਤਰੀ ਉਧਾਰਾ ਲਿਆ ਹੋਇਆ ਚਾਨਣਾ ਹੈ। ਇਹਨਾਂ ਅੰਬਰੀ ਦ੍ਰਿਸ਼ਟਮਾਨ ਭਾਨ ਪਸਾਰਿਆਂ ਪਲੈਨਟਾਂ (Planits) ਦੇ ਨਿਜ ਵਜੂਦ ਅੰਦਰ ਕੋਈ ਚਾਨਣਾ ਨਹੀਂ। ਆਪੋਂ ਇਹ ਸਾਰੇ ਹੀ ਚਾਨਣੇ ਤੋਂ ਸੁੰਨ ਹਨ। ਇਹ ਸਭ ਜੋਤੀ ਸਰੂਪ ਵਾਹਿਗੁਰੂ ਦੇ ਜੋਤਿ-ਚਾਨਣੇ ਦੇ ਚਨਣਾਏ ਹੋਏ ਚਮਕਦੇ ਹਨ। ਹਾਂ ਜੀ :–

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥

(ਧਨਾਸਰੀ ਮ: ੧ ਆਰਤੀ, ਪੰਨਾ ੬੬੩

ਅਸਲ ਜੋਤਿ ਤਾਂ ਓਹ ਜੋਤੀਸ਼ਰ ਜੋਤਿ ਸਰੂਪ, ਜੋਤਿ-ਮੰਬਾ, ਜੋਤਿ-ਚਸ਼ਮਾ ਨਿਰੰਕਾਰ ਕਰਤਾਰ ਆਪ ਹੀ ਹੈ। ਤਿਸੈ ਤੱਤ ਜੋਤਿ ਦੀ ਜੋਤਿ, ਜੋਤੀਯ ਦੀ ਅੰਸ ਜੋਤਿ ਸਭ ਮਹਿੰ ਪ੍ਰਤਿਬਿੰਬਤ ਹੋ ਕੇ ਬਿਰਾਜਮਾਨ ਹੈ ਅਤੇ ਤਿਸੈ ਦੇ ਜੋਤਿ-ਚਾਨਣੇ ਕਰ ਕੇ ਹੀ ਸਭ ਮਹਿੰ ਚਾਨਣ ਹੁੰਦਾ ਹੈ। ਨਹੀਂ ਤਾਂ ਵਾਸਤਵ ਵਿਚ ਇਹ ਉਫ਼ਕ ਅਫ਼ਾਕੀ (ਅਕਾਸ਼ੀ) ਤਾਰਾ-ਮੰਡਲੀ ਸਾਰੇ ਬ੍ਰਹਿਮੰਡ ਉਕੇ ਹੀ ਚਾਨਣ-ਸੁੰਨ ਹਨ, ਚਾਨਣੇ ਤੋਂ ਨਿਕੋਰ ਖ਼ਾਲੀ ਹਨ।

ਪ੍ਰੰਤੂ ਬੜੇ ਅਸਚਰਜ ਦੀ ਗੱਲ ਜੇ ਹੈ ਤਾਂ ਇਹ ਹੈ ਕਿ ਤੱਤ-ਜੋਤਿ-ਅੰਸ਼-ਹੀਣ ਸੂਰਜ ਚੰਦ ਤਾਰਾ-ਮੰਡਲੀ-ਬ੍ਰਹਿਮੰਡ ਤਾਂ ਚਮਕਦੇ ਨਜ਼ਰ ਆਉਂਦੇ ਹਨ, ਪਰ ਜਿਸ ਜੋਤੀਸ਼-ਜੋਤੀ ਸਰੂਪ ਦੇ ਜੋਤਿ-ਚਾਨਣੇ ਦੇ ਆਧਾਰ ਤੇ ਜੋਤਿ-

* ਮਹਲਾ ੨, ਆਸਾ ਦੀ ਵਾਰ, ਪੰਨਾ ੪੬੩



www.AKJ.Org

ਪ੍ਰਤਿਬਿੰਬਤ ਹੋ ਕੇ, ਜਿਸ ਜੋਤਿ ਜਗਦੀਸ਼ ਦੇ ਤੱਤ-ਜੋਤਿ-ਚਾਨਣੇ ਤੋਂ ਇਕ ਅਕਸ ਮਾਤ੍ਰੀ ਚਾਨਣਾ ਉਧਾਰਾ ਲੈ ਕੇ ਇਹ ਸੂਰਜ ਚੰਦ ਤਾਰੇ ਚਮਕ ਰਹੇ ਹਨ ਅਤੇ ਦ੍ਰਿਸ਼ਟੀ ਅੰਦਰਿ ਆ ਰਹੇ ਹਨ; ਓਹ ਜੋਤਿ, ਚਾਨਣੇ ਦਾ ਬੁੱਕਾ ਜੋਤੀਸ਼, ਪਰਮ-ਜੋਤੀਸ਼ ਪਾਰਬ੍ਰਹਮ ਜਗਦੀਸ਼ ਨਜ਼ਰ ਨਹੀਂ ਆਉਂਦਾ ਅਤੇ ਏਹਨਾਂ ਸੂਰਜ ਚੰਦ ਤਾਰਿਆਂ ਵਾਂਗੂ ਚਮਕਦਾ ਨਹੀਂ ਦੀਹਦਾ (ਦਿਸਦਾ)। ਕਿਸ ਓਹਲੇ ਦੇ ਓਹਲੇ ਹੋ ਕੇ ਇਹਨਾਂ ਨੂੰ ਚਾਨਣਾ ਪੁਚਾਇ ਰਿਹਾ ਹੈ ? ਇਹ ਇਕ ਮੁਇੰਮਾ ਹੈ ਜੋ "ਗੁਰ ਸਾਖੀ ਜੋਤਿ ਪਰਗਟੁ ਹੋਇ"* ਬਿਨਾਂ ਹੱਲ ਨਹੀਂ ਹੋ ਸਕਦਾ। ਜੋਤੀਸ਼ ਵਾਹਿਗੁਰੂ ਦੀ ਲੁਪਤ ਗੁਪਤ ਅਦ੍ਰਿਸ਼ਟ ਅਗੋਚਰ ਜੋਤਿ ਸਰੂਪ ਪਰਤੱਖਣੀ ਜੋਤਿ, ਕੇਵਲ ਗੁਰੂ ਸਤਿਗੁਰੂ ਦੁਆਰਾ ਹੀ ਪ੍ਰਗਟ ਹੋ ਸਕਦੀ ਹੈ। ਗੁਰੂ ਸਤਿਗੁਰੂ ਦੇ ਲਖਾਇਆਂ ਹੀ ਲਖੀ ਜਾ ਸਕਦੀ ਹੈ। ਗੁਰੂ ਸਤਿਗੁਰੂ ਦੇ ਸਾਖਸ਼ਾਤ ਕਰਾਇਆਂ ਹੀ ਸਾਖਸ਼ਾਤਕਾਰ ਹੋ ਸਕਦੀ ਹੈ। ਗੁਰੂ ਸਤਿਗੁਰੂ, ਸੱਚਾ ਗੁਰੂ ਕੇਵਲ ਗੁਰੂ ਨਾਨਕ ਹੀ ਹੈ, ਜੋ ਆਪਣੇ ਦਸਾਂ ਹੀ ਗੁਰੂ-ਜੋਤਿ-ਜਾਮਿਆਂ ਅੰਦਰਿ ਅਤੇ ਦਸੇ ਗੁਰੂ-ਜੋਤਿ-ਜਾਮਿਆਂ ਦੇ ਸਾਖਸ਼ਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਇਸ ਜੋਤੀਸ਼ ਜੋਤਿ ਨੂੰ ਪਰਤੱਖ ਕਰਨ ਹਿਤ ਸਮਰੱਥ ਹੈ। ਜੋਤਿ ਸਾਕਸ਼ਾਤ-ਕਰਨਹਾਰ-ਸਮਰੱਥਤਾ ਗੁਰ ਸਾਖੀ ਰੂਪ ਪਾਰਸ ਰਸਾਇਣੀ ਗੁਰਸ਼ਬਦ ਗੁਰਮੰਤ੍ਰ ਹੈ, ਜਿਸ ਦੀ ਪਾਰਸ-ਸ਼ਕਤਿ-ਅਭਿਆਸ-ਕਮਾਈ ਪ੍ਰਿਥਮ ਘਟ ਅੰਤਰਿ ਅਭਿਆਸੀ ਜਨ, ਸ਼ਬਦ-ਅਭਿਆਸੀ ਜਨ ਦੇ ਘਟ ਅੰਤਰਿ ਇਸ ਜੋਤਿ ਨੂੰ ਪ੍ਰਗਟ ਕਰਾਉਂਦੀ ਹੈ, ਤਾਂ ਹੀ ਤੇ "ਗੁਰ ਸਾਖੀ ਜੋਤਿ ਪ੍ਰਗਟ ਹੋਇ" ਰੂਪੀ ਗੁਰ ਪ੍ਰਮਾਣ ਰਸਾਇਣੀ ਸਿਧ ਪਾਰਸ ਪਰਮਾਣਿਆ ਗਿਆ ਹੈ। ਇਸ ਬਿਧਿ ਗੁਰਸਾਖੀ ਗੁਰ ਸਾਖਸ਼ਾਤਕਾਰਕ ਅਉਖਧੀ (ਰਸਾਇਣ ਬੂਟੀ) ਦੁਆਰਾ ਪ੍ਰਿਥਮ ਘਟ ਅੰਦਰਿ ਪ੍ਰਜੁਲਤ ਪਰਗਟ ਹੋਈ ਜੋਤਿ, ਫੁਨ ਸਰਬ ਘਟਾਂ ਪਟਾਂ ਨਭ ਨਾਭ ਖੰਡਾਂ ਬ੍ਰਹਿਮੰਡਾਂ ਵਿਖੇ ਭੀ ਪ੍ਰਗਟ ਪਾਹਾਰੇ ਜਾਪਣ ਲਗ ਪੈਂਦੀ ਹੈ। ਇਸ ਸਾਖੀ ਜੋਤਿ ਪ੍ਰਗਟ ਹੋਏ ਬਾਝ ਘਟ ਘਟ ਅੰਦਰਿ ਭੀ ਅੰਧੇਰਾ ਹੈ ਅਤੇ ਬਾਹਰ ਭੀ ਸਾਰੇ ਅੰਧਕਾਰ ਹੀ ਅੰਧਕਾਰ ਹੈ। ਇਹ ਜੋਤਿ-ਚਾਨਣ ਗੁਰ-ਸ਼ਬਦ ਮਈ ਅਹਿਨਿਸ ਕੀਤੀ ਅਭਿਆਸ ਕਮਾਈ ਦੁਆਰਾ ਹੀ ਉਜਿਆਰਾ ਹੋ ਸਕਦਾ ਹੈ। ਯਥਾ ਗੁਰਵਾਕ—

ਘਰ, ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥
ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥ ੫ ॥
ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥੮॥੨੭॥੨੮॥

(ਮਾਝ ਮ: ੩, ਪੰਨਾ ੧੨੬)

ਵਾਹ ! ਇਹ ਸੁਖਦਰਸ਼ਨੀ-ਜੋਤਿ-ਚਾਨਣਾ ਗੁਰ ਸਾਖੀ ਦੁਆਰਾ ਹੀ ਉਜਿਆਰਤ ਹੁੰਦਾ ਹੈ। ਘਟ ਅੰਤਰਿ ਉਜਿਆਰਤ ਹੋ ਕੇ ਫਿਰ ਸਾਗਰ ਬ੍ਰਹਿਮੰਡ ਅੰਦਰ ਹੀ ਉਜਿਆਰਤ ਹੋਇ ਆਉਂਦਾ ਹੈ । ਇਹ ਜੋਤਿ-ਜਗਮਗੀ-ਉਜਿਆਰਾ ਮੌਜੂਦ ਤਾਂ ਪਹਿਲਾਂ ਹੀ ਹੈ, ਪਰ ਸਾਖਸ਼ਾਤ ਗੁਰ ਸਾਖੀ ਦੁਆਰਾ ਹੀ ਹੁੰਦਾ ਹੈ, ਐਵੇਂ ਨਹੀਂ। ਗੁਰ-ਦੀਖਿਆ ਗੁਰਮੰਤ੍ਰ ਗੁਰਮਤਿ ਨਾਮ ਮਈ ਸਾਖੀ ਜਦ ਅੰਤਰਿ ਆਤਮੇ ਜਾਗਤ ਜੋਤਿ ਹੋ ਕੇ ਜਾਗਦੀ ਹੈ ਤਾਂ ਦੁਰਮਤਿ ਬੁਧਿ ਅਛਾਦਨੀ ਚੰਚਲ ਮਾਇਆ ਦੇ ਛਉੜ ਸਭ ਕਟੇ ਜਾਂਦੇ ਹਨ ਅਤੇ ਅੰਧਿਆਰੇ ਦੀ ਤਿਮਰਤ੍ਹਾ ਸਭ ਚੁਕੀ ਜਾਂਦੀ ਹੈ, ਘਟ ਅੰਤਰਿ ਉਜਿਆਰਾ ਹੀ ਉਜਿਆਰਾ ਹੋ ਜਾਂਦਾ ਹੈ। ਯਥਾ ਗੁਰਵਾਕ—

ਗੁਰ ਸਾਖੀ ਅੰਤਰਿ ਜਾਗੀ ॥ ਤਾ ਚੰਚਲ ਮਤਿ ਤਿਆਗੀ ॥
ਗੁਰ ਸਾਖੀ ਕਾ ਉਜਿਆਰਾ ॥ ਤਾ ਮਿਟਿਆ ਸਗਲ ਅੰਧ੍ਯਾਰਾ ॥੨॥ (੪॥੧॥੧੨)

ਸੋਰਠਿ ਮ: ੧, ਪੰਨਾ ੫੯੯

ਹਾਂ ਜੀ, ਸਗਲ ਅੰਧਾਰਾ ਮਿਟ ਜਾਂਦਾ ਹੈ, ਐਸਾ ਪ੍ਰਤਾਪ ਹੈ ਅੰਤਰਿ ਜਾਗੀ ਗੁਰ ਸਾਖੀ ਦਾ। ਇਹ ਗੁਰਸਾਖੀ ਕੀ ਹੈ——ਨਾਮ ਦੀ ਜਗਾਈ ਦੀਪਕ ਜੋਤਿ ਹੈ, ਜੋ ਕਿ ਚਾਨਣ ਦਾ ਪੁੰਜ ਸਤਿਗੁਰੂ ਆਪਣੇ ਗੁਰਦੀਖਤ ਗੁਰਸਿਖਾਂ ਦੇ ਅੰਤਰਿ-ਆਤਮੇ ਗੁਰਦੀਖਿਆ ਦੇਣ ਸਮੇਂ ਹੀ ਆਪ ਆਇ ਖਲੋਂਦਾ ਹੈ ਅਤੇ ਗੁਰਸਾਖੀ ਜੋਤਿ ਜਗਾਇ ਕੇ

* ਧਨਾਸਰੀ ਮ: ੧ ਆਰਤੀ, ਪੰਨਾ ੬੬੩।



www.AKJ.Org

ਦੀਵਾ ਬਾਲ ਦਿੰਦਾ ਹੈ— ਗੁਰਸਾਖੀ ਜੋਤਿ ਜਗਾਇ ਦੀਵਾ ਬਾਲਿਆ...॥੧੪॥

ਵਾਰ ਮਲਾਰ ਕੀ, ਪਉੜੀ, ਪੰਨਾ ੧੨੮੪

ਗੁਰਦੀਖਿਆ ਗੁਰਮੰਤ੍ਰ ਦੀ ਪਾਰਸ ਕਮਾਈ ਦੁਆਰਾ ਇਹ ਦੀਵਾ ਹਰ ਇਕ ਗੁਰਮੰਤ੍ਰ ਅਭਿਆਸੀ ਦੇ ਰਿਦੰਤਰਿ ਜਗ ਉਠਦਾ ਹੈ। ਇਹ ਰਿਦੰਤਰਿ ਨਾਮ ਦੀ ਜੋਤਿ ਜਗੀ ਹੋਈ ਫੇਰ ਸਾਰੇ ਭਵਨ ਅੰਦਰਿ ਜਗ ਉਠਦੀ ਹੈ ਅਤੇ ਸਗਲਾਰਾ ਭਵਨ ਹੀ ਉਜਿਆਰਾ ਹੋ ਜਾਂਦਾ ਹੈ—

ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥੨॥੪॥੩॥

(ਧਨਾਸਰੀ ਰਵਿਦਾਸ ਜੀ, ਪੰਨਾ ੬੯੪)

ਇਕ ਭਵਨ ਕੀ, ਸਾਰੇ ਹੀ ਨਭ-ਨਾਭੀਏ ਭਵਨ ਉਜਿਆਰਤ ਹੋ ਜਾਂਦੇ ਹਨ, ਇਹ ਹੱਥ ਤੇ ਸਰ੍ਹੋਂ ਜਮਾਉਣ ਵਾਲੀ ਗੱਲ ਹੈ। ਕੋਈ ਕਰ ਕੇ ਦੇਖ ਲਵੇ ਅਭਿਆਸ ਕਮਾਈਆਂ, ਪਰ ਅਭਿਆਸ ਨਾਮ ਕਮਾਈਆਂ ਅਜਿਹੀਆਂ ਅਤੁਟ ਹੋਣ ਕਿ ਦਿਨ ਰੈਣ ਘੜੀ ਚਸਾ ਮਾਤਰ ਭੀ ਇਹ ਨਾਮ ਅਭਿਆਸ ਨਾ ਬਿਸਰੇ, ਸਾਸਿ ਸਾਸਿ ਇਹ ਨਾਮ ਨਿਰੰਜਨੀ ਅਭਿਆਸ ਨਾ ਵਿਸਰੇ। ਬਸ ਫੇਰ ਤਾਂ ਇਹ ਭਵ-ਭੰਜਨੀ ਸ਼ਬਦ ਨਿਰੰਜਨੀ ਨਾਮੁ ਆਪੇ ਹੀ ਲਟ ਲਟ ਦੀਪਕੀ ਜੋਤਾਂ ਜਗਾ ਉਠਦਾ ਹੈ। ਅਤੇ ਇਹ ਦੀਪਕ ਜੋਤਿ ਸਣੇ ਸਣੇ ਜੋਤਿ ਸਬਾਇੜੀ ਹੋ ਕੇ ਤ੍ਰਿਭਵਣਿ ਸਾਰੇ ਹੀ ਜਗਮਗਾ ਉਠਦੀ ਹੈ ਅਤੇ ਜੋਤਿ ਜਗਦੀਸ਼ੀ ਅਲਖ ਅਪਾਰ ਪ੍ਰੀਤਮ ਪਾਰਬ੍ਰਹਮ ਸਾਰੇ ਘਟਾਂ ਅੰਦਰਿ,ਘਟ ਘਟ ਅੰਦਰਿ ਰਵ ਰਹਿਆ ਸਾਂਗੋ ਪਾਂਗ ਦਿਖਾਈ ਦਿੰਦਾ ਹੈ। ਯਥਾ ਗੁਰਵਾਕ—

ਦਿਨੁ ਰੈਣਿ ਘੜੀ ਨ ਚਸਾ ਵਿਸਰੈ ਸਾਸਿ ਸਾਸਿ ਨਿਰੰਜਨੋ ॥
ਸਬਦਿ ਜੋਤਿ ਜਗਾਇ ਦੀਪਕੁ ਨਾਨਕਾ ਭਉ ਭੰਜਨੋ ॥ ੩ ॥
ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ ॥
ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ ... ॥੪॥੧॥

(ਬਿਲਾਵਲੁ ਮ: ੧ ਛੰਤ, ਪੰਨਾ ੮੪੩)

ਵਾਸਤਵ ਵਿਚ ਸਾਰਾ ਬ੍ਰਹਿਮੰਡ-ਪਸਾਰਾ ਹੀ ਜੋਤੀ ਸਰੂਪ ਜੋਤੀਸ਼ ਪਰਮ ਈਸ਼ਰ ਦਾ ਅੰਸਾਰਾ ਹੈ। ਪ੍ਰੰਤੂ ਖ਼ੁਦ ਇਹ ਜੋਤੀਸ਼ ਪਾਰਬ੍ਰਹਮ ਓਦੋਂ ਤੀਕ ਅਲੱਖ ਅਪਾਰਾ ਹੀ ਰਹਿੰਦਾ ਹੈ ਜਦ ਤੀਕ—

ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ ॥੧੪॥ (੧੨੮੪)

ਵਾਲਾ ਵਰਤਾਰਾ ਨਹੀਂ ਵਰਤਦਾ। ਇਹ ਸਾਰਾ ਪਸਾਰਾ ਜੋਤੀਸ਼ ਵਾਹਿਗੁਰੂ ਨੇ ਰਚ ਕੇ ਅੰਦਰ ਹੀ ਧਰਿਆ ਹੋਇਆ ਹੈ। ਇਸ ਕਰਕੇ ਇਹ ਪਸਾਰਾ ਭੀ ਸੂਰਜ ਚੰਦ ਗੈਣਾਰਾਈ ਜੋਤੀ ਸਰੂਪੀਆ ਹੋ ਗਿਆ ਹੈ। ਗੁਰਸਾਖੀ ਜੋਤਿ ਜਗਾਇ ਕੇ ਦੀਵਾ ਜਿਨ੍ਹਾਂ ਦੇ ਘਟ ਅੰਦਰ ਨਹੀਂ ਬਲਿਆ, ਉਨ੍ਹਾਂ ਨੂੰ ਏਨ੍ਹਾਂ ਚੰਦ ਸੂਰਜਾਂ ਦਾ ਉਜਿਆਰਾ ਤਿਮਰ ਚੁੰਧਿਆਰਾ ਜਿਹਾ ਝਉਲਾ ਝਉਲਾ ਹੀ ਦਿਸਦਾ ਹੈ, ਜੈਸਾ ਕਿ ਦ੍ਰਿਸ਼ਟਮਾਨ ਚਮਕਾਰੇ ਅੰਦਰ ਆ ਰਿਹਾ ਹੈ। ਪਰ ਜਿਨ੍ਹਾਂ ਦੇ ਅੰਦਰ ਗੁਰਸਾਖਿਆਤੀ ਨਾਮ ਦੀ ਪੱਕੀ ਜੋਤਿ ਜਗ ਉਠਦੀ ਹੈ ਤਿਨ੍ਹਾਂ ਨੂੰ ਇਹ ਚੰਦ ਸੂਰਜ ਭੀ ਜੋਤਿ ਸਰੂਪ ਹੀ ਦਿਖਾਈ ਦਿੰਦੇ ਹਨ ਅਤੇ ਇਹ ਬ੍ਰਹਿਮੰਡ ਭੀ ਬ੍ਰਹਮ-ਜੋਤੀਆ ਬ੍ਰਹਮ ਅਨੂਪ ਹੀ ਦਿਖਾਈ ਦਿੰਦਾ ਹੈ। ਅਤੇ ਸਾਰਾ ਬ੍ਰਹਮ ਪਸਾਰਾ ਜੋਤੀ ਅੰਦਰ ਹੀ ਧਰਿਆ ਪਰਤੱਖ ਹੁੰਦਾ ਹੈ। ਯਥਾ ਗੁਰਵਾਕ :—

ਚੰਦੁ ਸੂਰਜੁ ਦੁਇ ਜੋਤਿ ਸਰੂਪੁ ॥ ਜੋਤੀ ਅੰਤਰਿ ਬ੍ਰਹਮੁ ਅਨੂਪੁ ॥੧॥
ਕਰੁ ਰੇ ਗਿਆਨੀ ਬ੍ਰਹਮ ਬੀਚਾਰੁ ॥ ਜੋਤੀ ਅੰਤਰਿ ਧਰਿਆ ਪਸਾਰੁ ॥੧॥ਰਹਾਉ॥(੨॥੨॥੧੧)

ਰਾਮਕਲੀ ਕਬੀਰ ਜੀ, ਪੰਨਾ ੯੭੨

ਜਦੋਂ ਸਤਿਗੁਰ ਸ਼ਬਦ ਸਾਖਿਆਤੀ ਉਜਿਆਰਾ ਅੰਤਰਗਤਿ ਹੁੰਦਾ ਹੈ ਤਾਂ ਨਾਮ ਤੱਤ ਜੋਤਿ ਤੇਲ ਦੀਪਕੀ ਬੱਤੀ ਕੇਵਲ ਦੇਹ ਉਜਿਆਰਾ ਹੀ ਨਹੀਂ ਕਰਦੀ, ਬਲਕਿ ਇਸ ਜੋਤਿ ਦੀਪਕ ਦੀ ਪਾਰਸ-ਵੱਟੀ ਨੂੰ ਲਾਇ ਕੇ ਜੋਤਿ ਜਗਦੀਸ਼ ਭੀ ਅੰਦਰੋਂ ਜਗਾਇ ਪ੍ਰਗਟਾਇ ਲਈਦਾ ਹੈ।



www.AKJ.Org

ਤਤੁ ਤੇਲੁ ਨਾਮ ਕੀਆ ਬਾਤੀ ਦੀਪਕੁ ਦੇਹ ਉਜ੍ਯਾਰਾ ॥
ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥੨॥ (੩॥੫)
ਪ੍ਰਭਾਤੀ ਕਬੀਰ ਜੀ, ਪੰਨਾ ੧੩੫੦

ਹਾਂ ਜੀ ! ਸਚਮੁਚ ਕੋਈ ਬੁਝਣਹਾਰਾ ਹੀ ਬੁੱਝਦਾ ਹੈ । ਬੁਝਦਾ ਕੀ, ਉਸ ਨੂੰ ਤਾਂ ਸਭ ਕੁਝ ਹੀ ਸੁਝਿ ਆਵੰਦਾ ਹੈ । ਗੁਰਸਾਖੀ ਜੋਤਿ ਜਗਾਉਣਹਾਰੇ ਨੂੰ ਜਦ ਜੋਤੀ ਪੁਰਖ ਜਗਦੀਸ਼ ਹੀ ਪਰਤੱਖ ਹੋ ਗਿਆ ਤਾਂ ਹੋਰ ਪਿੱਛੇ ਕੀ ਰਹਿ ਗਿਆ, ਸਭ ਕੁਛ ਹੀ ਸੁਝ ਆਇਆ । ਇਸ ਜੋਤੀ ਨੂੰ ਹੀ ਸਭ ਚਾਨਣਾ, ਸਾਰੇ ਖੰਡਾਂ ਬ੍ਰਹਿਮੰਡਾਂ ਵਿਖੇ ਚਾਨਣਾ ਹੋਇਆ ਹੈ । ਯਥਾ :—

ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥੨॥ ਗੂਜਰੀ ਕੀ ਵਾਰ, ਪਉੜੀ, ਪੰਨਾ ੫੦੯

ਇਸ ਜੋਤਿ ਸਰੂਪੀ ਤਤ-ਅਨੂਪ ਚਾਨਣੇ ਤੋਂ ਐਸਾ ਉਜਿਆਰਾ ਹੋਇ ਆਵੰਦਾ ਹੈ ਜਿਸ ਨੂੰ ਕਦੇ ਭੀ ਅੰਧਿਆਰਾ ਨਹੀਂ ਹੁੰਦਾ । ਅੰਧਿਆਰੇ ਤਿਮਰ ਮੈਲ ਤੋਂ ਰਹਿਤ ਇਹ ਉਜਿਆਰਾ ਹੁੰਦਾ ਹੈ, ਜਿਸ ਨੂੰ ਕਦੇ ਭੀ ਤਿਮਰਤਾ ਦੀ ਮਲ (ਮੈਲ) ਨਹੀਂ ਲਗਦੀ ਅਤੇ ਨਾ ਹੀ ਇਸ ਚਾਨਣੇ ਦੀ ਸੂਰਜ ਚੰਦ ਦੇ ਚਾਨਣੇ ਵਾਂਗੂੰ ਕਦੇ ਧੁਪ ਛਾਉਂ ਹੁੰਦੀ ਹੈ ।

ਜੋਤਿ ਸਰੂਪੀ ਤਤ ਅਨੂਪ ॥ ਅਮਲ ਨ ਮਲਨ ਛਾਹ ਨਹੀ ਧੂਪ ॥੧੧॥
ਗਉੜੀ ਥਿਤੀ ਕਬੀਰ ਜੀ, ਪੰਨਾ ੩੪੪

ਅਜਿਹੀ ਤੱਤ ਅਨੂਪੀ ਜੋਤਿ ਦਾ ਚਾਨਣਾ, ਮੇਰੇ ਜੋਤਿ ਨੂਰੀ ਬੁਕੇ ਗੁਰ ਚਾਨਣ ਜੋਤਿ ਚਰਾਗ਼ ਗੁਰ ਨਾਨਕ ਨਿਰੰਕਾਰੀ ਨੇ ਹੀ ਇਸ ਸੰਸਾਰ ਵਿਖੇ ਅਵਤਾਰ ਧਾਰ ਕੇ ਪ੍ਰਕਾਸ਼ ਕਰਾਇਆ ਅਤੇ ਇਸ ਜੋਤਿ ਚਾਨਣੇ ਪ੍ਰਕਾਸ਼ ਵਿਚ ਹੀ ਸਭ ਤਿਮਰ ਅੰਧੇਰ ਮਿਟਾਇਆ । ਐਸਾ ਉਪਕਾਰ ਕਿਸੇ ਭੀ ਪੀਰ ਪੈਗ਼ੰਬਰ ਅਉਲੀਏ ਅਵਤਾਰ ਤੋਂ ਨਾ ਹੋਇਆ ਨਾ ਹੋਸੀ । ਜਿਨ੍ਹਾਂ ਵਡਭਾਗੇ ਗੁਰਮੁਖਾਂ ਨੇ ਇਸ ਜੋਤਿ-ਚਾਨਣੇ ਨੂੰ ਅੰਤਰਿ-ਆਤਮੇ ਜਗਾਇਆ ਹੈ, **ਜਿਨ੍ਹਾਂ ਜੋਤਿ-ਜਗੰਨੀਆਂ ਜਿੰਦੜੀਆਂ ਨੇ ਇਸ ਜੋਤਿ ਚਾਨਣੇ ਦਾ ਦਰਸ਼ਨ ਪਾਇਆ ਹੈ, ਤਿਨ੍ਹਾਂ ਨੇ ਹੀ ਸੱਚੇ ਅਰਥਾਂ ਵਿਚ ਇਸ ਗੁਰਪੁਰਬ ਪੁੰਨਿਆ ਨੂੰ ਮਨਾਇਆ ਹੈ ।** ਤਿਨ੍ਹਾਂ ਦਾ ਹੀ ਸਫਲ ਜੀਵਨ ਜਗਿ ਆਇਆ ਹੈ । ਜਿਨ੍ਹਾਂ ਦੇ ਹਿਰਦੇ ਕਮਲ ਅੰਦਰਿ ਗੁਰੂ ਨਾਨਕ ਸਾਹਿਬ ਜੋਤਿ-ਸੁਖ-ਦਰਸ਼ਨੀ ਨਿਵਾਸ ਹੋਇਆ ਹੈ, ਜਿਨ੍ਹਾਂ ਜੋਤਿ-ਵਿਗਾਸੀਆਂ ਦੇ ਰਿਦ ਨਾਭੀ ਆਕਾਸ਼ ਵਿਚ ਜੋਤਿ ਨੂਰਾਨੀ ਸੱਚ ਦੇ ਚੰਦ੍ਰਮਾ ਦਾ ਪ੍ਰਗਾਸ ਹੋਇਆ ਹੈ ਤਿਨ੍ਹਾਂ ਦਾ ਹੀ ਪੂਰਨ ਚੰਦ ਪ੍ਰਗਾਸੀ ਪੁੰਨਿਆ ਦਾ ਪੁਰਬ ਪਰਵਾਣ ਪਿਆ ਹੈ । ਯਥਾ ਗੁਰਵਾਕ :—

ਪੂਨਿਉ ਪੂਰਾ ਚੰਦ ਅਕਾਸ ॥ ਪਸਰਹਿ ਕਲਾ ਸਹਜ ਪਰਗਾਸ......॥੧੬॥
ਗਉੜੀ ਥਿਤੀ ਕਬੀਰ ਜੀ, ਪੰਨਾ ੩੪੪

ਮੇਰਾ ਸਹਿਜ ਕਲਾ ਪ੍ਰਗਾਸੀ ਗੁਰ ਨਾਨਕ ਸਦਾ ਸਦਾ ਮਉਜੂਦ ਹੈ । ਅੱਜ ਭੀ ਮਉਜੂਦ ਹੈ । ਸਦਾ ਮਉਜੂਦ ਰਹੇਗਾ । ਮੇਰਾ ਸਦ ਜਾਗਤਾ ਗੁਰਦੇਵ ਗੁਰੂ ਨਾਨਕ ਸਦ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਜੂਦ ਵਿਚ ਸੋਲ੍ਹਾਂ ਕਲਾਂ ਸੰਪੂਰਨ ਜੋਤਿ ਚਾਨਣੇ ਵਿਚਿ ਮਉਜੂਦ ਹੈ ।

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥
(ਸੂਹੀ ਮ: ੪ ਅਸਟ:, ਪੰਨਾ ੭੫੯)

ਉਹ ਪੂਰਨ ਹੈ । ਮੇਰਾ ਸਤਿਗੁਰ ਐਸਾ ਪੂਰਨ ਚੰਦ੍ਰਮਾ, ਸੱਚ ਦਾ ਚੰਦ੍ਰਮਾ ਹੈ । ਸੱਚੀ ਸੀਤਲਤਾ ਦਾ ਤੇਜ ਮਈ ਚੰਦ੍ਰਮਾ ਹੈ । ਸਦਾ ਭਾਨਾਨ ਭਾਨੀ ਨੂਰ ਠਰੂਰੀ ਚੰਦ੍ਰਮਾ ਹੈ ਕਿ ਜਿਸ ਦਾ ਜੋਤਿ-ਚਾਨਣਾ ਕਦੇ ਘਟਦਾ ਵਧਦਾ ਨਹੀਂ । ਸਦਾ ਅਡੋਲ ਜੋਤਿ-ਚਾਨਣੇ ਵਾਲਾ ਮੇਰਾ ਸਤਿਗੁਰੂ ਨਾਨਕ ਦੇਵ ਨੂਰ ਜ਼ਹੂਰੀ ਪੂਰਾ ਇਸ ਕਰਕੇ ਹੈ ਕਿ ਉਹ ਪੂਰੇ ਨੇ ਆਪ ਪੂਰਾ ਕੀਤਾ ਹੈ । ਧੁਰਿ ਅਜ਼ਲ ਤੋਂ ਅਬਦ ਲਈ ਪੂਰਾ ਕੀਤਾ ਹੈ । ਜਿਸ ਦਾ ਜੋਤਿ-ਰੰਗੀ ਜੋਤਿ-ਨੂਰਾਨੀ


www.AKJ.Org

ਚਾਨਣਾ ਜੋਤਿ-ਵਿਗਾਸੀ ਸਿਖਾਂ ਭਗਤਾਂ ਦੇ ਸਾਮੂਹੇ ਸਦਾ ਸਦਾ ਨਿਤ ਨਵੇਂ ਵਿਗਾਸ ਵਿਚ ਚੜ੍ਹਦਾ ਖਿੜਦਾ ਵਿਗਸਦਾ ਜਲਵੇ ਮਾਰਦਾ ਰਹੇਗਾ, ਚੜ੍ਹਦੀ ਕਲਾ ਵਿਚ ਜੋਤਿ ਜਲਵੇ ਜਲਵਾਉਂਦਾ ਰਹੇਗਾ। ਇਸ ਜੋਤਿ-ਜਲਵਨੀ-ਵਿਗਾਸ ਨੂੰ ਘਾਟ ਕਦੇ ਨਹੀਂ ਹੋਵੇਗੀ, ਸਦਾ ਵਾਸਤੇ ਵਧ ਵਿਗਾਸ ਹੁੰਦਾ ਰਹੇਗਾ। ਅਬਿਨਾਸ਼ੀ ਵਿਗਾਸ ਵਾਲਾ ਜੋਤਿ-ਚਾਨਣਾ ਜੁ ਹੋਇਆ। ਯਥਾ ਗੁਰਵਾਕ :–

ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ ॥
ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥੧੬॥ (ਪੰਨਾ ੩੦੦)

ਐਸਾ ਪੂਰਨ ਕਲਾ ਸੰਪੂਰਨ ਮੇਰਾ ਪ੍ਰਭੂ ਹਰਿ ਗੁਰੁ ਸਤਿਗੁਰ ਨਾਨਕ ਏਕ ਹੀ ਹੈ। ਓਹੀ ਜੋਤਿ-ਚਾਨਣਾ ਚਨਣਾਉਣ ਨੂੰ ਕਰਨ ਕਾਰਨ ਸਮਰੱਥ ਹੈ। ਓਹੀ ਸਰਬ ਜੀਅ ਜੰਤ ਦਾ ਦਇਆਲ ਪੁਰਖ ਹੈ। ਓਹੀ ਇਕੋ ਸਤਿਗੁਰ ਪੁਰਖ ਗੁਰੂ ਨਾਨਕ ਹੈ,ਜਿਸ ਦਾ ਸਭ ਉਪਰ ਹੱਥ ਹੈ। ਗੁਣ ਨਿਧਾਨ ਗੋਵਿੰਦ ਗੁਰੂ ਮੇਰਾ ਸਤਿਗੁਰ ਨਾਨਕ ਦੇਵ ਹੀ ਹੈ ਜਿਸ ਦਾ ਕੀਤਾ ਹੀ ਜੋਤਿ ਚਾਨਣਾ ਹੁੰਦਾ ਹੈ। ਓਹੀ ਅੰਤਰਜਾਮੀ ਸੁਜਾਨ ਪੁਰਖ ਅਲਖ ਨਿਰੰਜਨ ਪਾਰਬ੍ਰਹਮ ਪ੍ਰਮੇਸ਼ਰ ਰੂਪ ਹੈ ਅਤੇ ਸਭ ਬਿਧਿ ਜਾਨਣਹਾਰ ਹੈ। ਜੋਤਿ-ਚਾਨਣ ਚਨਣਾਉਣਹਾਰ ਹੈ। ਆਪਣੇ ਸਿਖ ਸੰਤਾਂ ਭਗਤਾਂ ਦਾ ਸਹਾਈ ਹੈ। ਧੰਨ ਮੇਰਾ ਸਤਿਗੁਰ ਨਾਨਕ, ਸਰਨ ਜੋਗ ਗੁਰ ਨਾਨਕ ! ਮੈਂ ਅਠੋ ਪਹਿਰ ਤੈਨੂੰ ਪਰਤੱਖ ਪੇਖਿ ਨਮਸਕਾਰ ਜੋਹਾਰ ਕਰਦਾ ਹਾਂ।

ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ ॥ ਜੀਅ ਜੰਤ ਦਇਆਲ ਪੁਰਖੁ ਸਭ ਊਪਰਿ ਜਾ ਕਾ ਹਥੁ ॥
ਗੁਣ ਨਿਧਾਨ ਗੋਬਿੰਦ ਗੁਰ ਕੀਆ ਜਾ ਕਾ ਹੋਇ ॥ ਅੰਤਰਜਾਮੀ ਪ੍ਰਭੁ ਸੁਜਾਨੁ ਅਲਖ ਨਿਰੰਜਨ ਸੋਇ ॥
ਪਾਰਬ੍ਰਹਮੁ ਪਰਮੇਸਰੋ ਸਭ ਬਿਧਿ ਜਾਨਣਹਾਰ ॥ ਸੰਤ ਸਹਾਈ ਸਰਨਿ ਜੋਗੁ ਆਠ ਪਹਰ ਨਮਸਕਾਰ ॥
ਅਕਥ ਕਥਾ ਨਹ ਬੂਝੀਐ ਸਿਮਰਹੁ ਹਰਿ ਕੇ ਚਰਨ॥ਪਤਿਤ ਉਧਾਰਨ ਅਨਾਥ ਨਾਥ ਨਾਨਕ ਪ੍ਰਭ ਕੀ ਸਰਨ॥੧੬॥
(ਪੁਸਤਕ 'ਨਾਮ ਤੇ ਨਾਮ ਦਾ ਦਾਤਾ ਸਤਿਗੁਰੂ' ਵਿਚੋਂ) (ਪਉੜੀ ਥਿਤੀ ਗਉੜੀ ਮ: ੫, ਪੰਨਾ ੩੦੦)

---

**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ ॥**
**ਜਿਉਂ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ[1] ॥**
**[2]ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ ॥**
**ਜਿਥੇ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ ॥**
**ਸਿਧ ਆਸਣ ਸਭ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ ॥**
**ਘਰ ਘਰ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਸੋਆ[3] ॥**
**ਬਾਬੇ ਤਾਰੇ ਚਾਰਿ ਚਕ ਨਉ ਖੰਡ ਪ੍ਰਿਥਵੀ ਸਚਾ ਢੋਆ[4] ॥**
**ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥ ੨੭ ॥ ੧ ॥**

[ਵਾਰਾਂ ਭਾ: ਗੁਰਦਾਸ ਜੀ

---

੧. ਨਠਿਆ। ੨. ਸ਼ੇਰ ਗਰਜੇ ਤਾਂ ਹਿਰਨ ਆਦਿ ਜੰਗਲੀ ਜੀਵ ਭਜ ਜਾਂਦੇ ਹਨ। ੩. ਵੈਸਾਖੀ, ਸਾਲ ਦਾ ਨਵਾਂ ਦਿਨ, ਨਿਤ ਨਵਾਂ ਦਿਨ। ੪. ਆਸਰਾ, ਸਹਾਰਾ।



www.AKJ.Org

# ਤੀਜੀ ਡਿਮੈਨਸ਼ਨ*––ਉਚਾਈ

[ ਪ੍ਰੋਫੈਸਰ ਗੁਰਮੁਖ ਸਿੰਘ ਜੀ ]

ਗੁਰੂ ਜੀ–''ਭਾਈ ਲਾਲੋ, ਕੀ ਕਰ ਰਹੇ ਹੋ ?''

ਭਾਈ ਲਾਲੋ–''ਜੀ ਪਾਤਸ਼ਾਹ, ਕਿੱਲੇ ਘੜ ਰਿਹਾ ਹਾਂ।''

''ਇਤਨੀ ਉਮਰਾ ਬਿਤਾ ਦਿੱਤੀ, ਕਿੱਲੇ ਘੜਦਿਆਂ, ਕੁਝ ਹੋਰ ਭੀ ਕਰਨ ਜੋਗ ਹੈ ਸੀ, ਕਦੀ ਸੋਚਿਐ ? ਕਿ ਕਿੱਲੇ ਹੀ ਘੜਦੇ ਰਹੋਗੇ ?''

''ਜੀ ਪਾਤਸ਼ਾਹ ! ਮੈਂ ਸਮਝਿਆ ਨਹੀਂ।'' ਆਪ ਹੀ ਕਿਰਪਾ ਕਰੋ ਜੀ।

ਗੁਰੂ ਜੀ–''ਖਾਣਾ ਪੀਣਾ ਹਸਣਾ ਬਾਦਿ ॥ ਜਬ ਲਗੁ ਰਿਦੈ ਨ ਆਵਹਿ ਯਾਦਿ ॥ (ਆਸਾ ਮ: ੧, ਪੰਨਾ ੩੫੧)

ਅਜੋਕੇ ਮਨੁਖੀ ਜਗਤ ਵਿਚ ਜੀਵਨ ਦਾ ਮਨੋਰਥ ਮਾਨੋ ਕੇਵਲ ਖਾਣਾ ਪੀਣਾ, ਹਸਣਾ ਰੋਣਾ ਹੀ ਮਿਥਿਆ ਗਿਆ ਲਗਦਾ ਹੈ। ਆਮ ਮਾਦਾਪ੍ਰਸਤ (ਮਾਇਆ-ਧਾਰੀ) ਲੋਗ ਵਾਹਿਗੁਰੂ ਜੀ ਨੂੰ ਵਿਸਾਰ ਕੇ ਆਪਣੀ ਜੀਵਨ-ਕਿਰਿਆ ਰੋਟੀ ਕਪੜਾ ਅਤੇ ਮਕਾਨ ਦੇ ਉਦਮ ਤਕ ਸੀਮਤ ਰਖਦੇ ਹਨ, ਅਤੇ ਇਸ ਤੋਂ ਬਿਨਾਂ ਉਹਨਾਂ ਲਈ ਜੀਵਨ ਦਾ ਮਨੋਰਥ ਕੁਝ ਵੀ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭਾਈ ਲਾਲੋ ਨੂੰ ਇਹ ਪੁਛਣਾ ਕਿ ''ਕੀ ਸਾਰੀ ਉਮਰ ਕਿੱਲੇ ਹੀ ਘੜਦੇ ਰਹੋਗੇ ?'' ਮਨ ਨੂੰ ਟੁੰਬਣ ਵਾਲਾ ਸਵਾਲ ਹੈ। ਹਰ ਕਮਾਊ ਪ੍ਰਾਣੀ ਮਨ ਵਿਚ ਸੋਚਦੈ ਕਿ ਆਖ਼ਰ ਇਤਨਾ ਕੁਝ ਖਟਣ ਕਮਾਉਣ ਦਾ ਮਨੋਰਥ ਹੈ ਕੀ ? ਲਖਾਂ ਕ੍ਰੋੜਾਂ ਕਮਾਅ ਕੇ ਭੀ ਸੰਤੁਸ਼ਟੀ ਨਹੀਂ ਆਉਂਦੀ। ਜਦੋਂ ਭੁਖੇ ਨੰਗੇ ਸਾਂ ਤਾਂ ਭੀ ਅਸੰਤੁਸ਼ਟ ਸਾਂ, ਹੁਣ ਲਖਾਂ ਕ੍ਰੋੜਾਂ ਵਿਚ ਖੇਡਦੇ ਹਾਂ, ਫਿਰ ਭੀ ਅਸੰਤੁਸ਼ਟ। ਆਖ਼ਰ ਗੱਲ ਕੀ ਹੈ ? ਕੀ ਸਾਰੀ ਉਮਰ ਹਾਰੂਨ ਬਾਦਸ਼ਾਹ ਵਾਂਗ ਧਨ ਜੋੜਨ ਵਿਚ ਹੀ ਵਿਹਾ ਜਾਏਗੀ ?

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥੧॥ (ਮਾਰੂ ਮ: ੫, ਪੰਨਾ ੧੦੧੯)

ਮਾਨੋ ਜੀਵਨ ਦੋ ਨਾਪਾਂ ਦੇ ਆਧਾਰ ਤੇ ਚਲ ਰਿਹਾ ਹੈ–ਲੰਬਾਈ ਤੇ ਚੌੜਾਈ। ਇਹੀ ਹੈ ਦੁਪਾਸੜ ਡਿਮੈਨਸ਼ਨ। ਪਰ (ਉਚਾਈ) ਤੀਜੀ ਡਿਮੈਨਸ਼ਨ ਵਲ ਸਾਡੀ ਸੁਰਤ ਅਜੇ ਪਰਤੀ ਹੀ ਨਹੀਂ। ਅੱਜ ਦਾ ਹਰ ਮਨੁੱਖ ਭਾਈ ਲਾਲੋ ਜੀ ਨੂੰ ਸੁਣਾਈ ਗਈ ਗੱਲ ਵਾਂਗ ਸਾਰੀ ਉਮਰ ਕਿੱਲੇ ਘੜ ਕੇ ਹੀ ਬਿਤਾ ਰਿਹਾ ਹੈ। ਲੰਬਾਈ ਚੌੜਾਈ ਤੋਂ ਬਿਨਾਂ ਤੀਜੀ ਡਿਮੈਨਸ਼ਨ ਉਚਾਈ ਵਲ ਸਾਡਾ ਧਿਆਨ ਹੀ ਕੋਈ ਨਹੀਂ। ਅਸੀਂ ਤਾਂ ਧਰਤੀ ਦੇ ਧਰਾਤਲ ਨਾਲੋਂ ਇਕ ਇੰਚ ਭੀ ਉਚੇ ਨਹੀਂ ਉਠੇ, ਨਾਲ ਹੀ ਚਿਪਕੇ ਹੋਏ ਹਾਂ। ਤੇ ਸਾਡੀ ਤਕਣੀ ਨੂੰ ਕੇਵਲ ਲੰਬਾਈ ਜ਼ਰਬ ਚੌੜਾਈ ਤਕ ਦੇਖਣ ਦੀ ਆਦਤ ਪੈ ਗਈ ਹੈ।

ਸਤਿਗੁਰੂ ਨਾਨਕ ਦੇਵ ਜੀ ਵਈਂ ਨਦੀ ਤੋਂ ਜਦੋਂ ਬਾਹਰ ਆਏ, ਆਪ ਨੇ ਉੱਚੇ ਚੜ੍ਹ ਕੇ 'ਊਚੇ' ਦੇ ਦਰਸ਼ਨ ਕੀਤੇ। ਉਸ ਉੱਚਾਈ ਤੋਂ ਸੰਸਾਰ ਨੂੰ ਤਕਿਆ। ਸਮੁਚੇ ਜਗਤ ਵਿਚ ਮਨੁਖ ਦੋ ਭਾਗਾਂ ਵਿਚ ਵੰਡਿਆ ਹੋਇਆ ਦਿਸਿਆ : ਇਕ ਉੱਚਾ ਇਕ ਨੀਵਾਂ, ਇਕ ਅਮੀਰ ਇਕ ਗਰੀਬ, ਇਕ ਹਿੰਦੂ ਇਕ ਮੁਸਲਮਾਨ, ਇਕ ਕਾਲੇ ਇਕ ਗੋਰੇ, ਇਕ ਹੁਕਮਰਾਨ ਇਕ ਗ਼ੁਲਾਮ। ਇਹ ਕੇਵਲ ਦੋ ਨਾਪਾਂ ਦਾ ਸੰਸਾਰ ਸੀ ਲੰਬਾਈ ਜ਼ਰਬ ਚੌੜਾਈ। ਉਹਨਾਂ ਦੇਖਿਆ ਕਿ ਇਸ ਸੰਸਾਰ ਵਿਚ ਲੋਕੀਂ ਉਚਾਈ ਵਲ ਨਹੀਂ ਤਕਦੇ। ਜੇ ਉਹਨਾਂ ਨੂੰ ਕੋਈ ਉਚਾਈ ਬਾਰੇ ਦਸੇ ਭੀ ਤਾਂ ਉਹ ਉਸ ਦਾ ਮਖ਼ੌਲ ਉਡਾਉਂਦੇ ਹਨ। ਉਹਨਾਂ ਦੀਆਂ ਇਹ ਅੱਖਾਂ ਕੇਵਲ ਦੋ ਨਾਪਾਂ ਨੂੰ ਵੇਖ ਸਕਦੀਆਂ ਹਨ, ਲੰਬਾਈ ਅਤੇ ਚੌੜਾਈ।

ਉਚਾਈ ਵੇਖਣ ਲਈ ਤੀਜਾ ਨੇਤਰ ਚਾਹੀਦਾ ਹੈ। ਉਹ ਨੇਤਰ ਕੇਵਲ ਉਨ੍ਹਾਂ ਦਾ ਖੁਲ੍ਹਦਾ ਹੈ ਜਿਨ੍ਹਾਂ ਨੂੰ ਪੂਰਾ ਗੁਰੂ ਲਭ ਪੈਂਦਾ ਹੈ, ਅਤੇ ਉਹ ਇਹ ਸਵਾਲ ਪੁਛਦਾ ਹੈ, ''ਕੀ ਸਾਰੀ ਉਮਰ ਤੂੰ ਕਿਲੇ ਹੀ ਘੜਦਾ ਰਹੇਂਗਾ ਜਾਂ

*ਨਾਪ, ਮਾਪ (ਲੰਬਾਈ, ਚੌੜਾਈ, ਮੋਟਾਈ ਜਾਂ ਡੂੰਘਾਈ ਆਦਿ)।



www.AKJ.Org

ਕੁਝ ਹੋਰ ਭੀ ਕਰਨ ਯੋਗ ਹੈ ?" ਫਿਰ ਆਪ ਹੀ ਸਤਿਗੁਰੂ ਸੇਧ ਦੇ ਕੇ ਸਮਝਾਉਂਦਾ ਹੈ ਕਿ ਵਾਹਿਗੁਰੂ ਜੀ ਨੂੰ ਯਾਦ ਕਰਨਾ ਤੀਜੀ ਡਿਮੈਨਸ਼ਨ ਹੈ ।

ਕਿਰਸਾਣੀ ਕਿਰਸਾਣੁ ਕਰੇ, ਲੋਚੈ ਜੀਉ ਲਾਇ ॥
ਹਲੁ ਜੋਤੈ, ਉਦਮੁ ਕਰੇ, ਮੇਰਾ ਪੁਤੁ ਧੀ ਖਾਇ ॥
ਤਿਉ ਹਰਿਜਨੁ ਹਰਿ ਹਰਿ ਜਪੁ ਕਰੇ, ਹਰਿ ਅੰਤਿ ਛਡਾਇ ॥੧॥੪੭॥
(ਗਉੜੀ ਗੁਆਰੇਰੀ ਮ: ੪–੧੬੬)

ਉਪਰੋਕਤ ਸਮੁਚੇ ਸ਼ਬਦ ਵਿਚ ਵਰਤ ਰਹੀਆਂ ਦੋ ਡਿਮੈਨਸ਼ਨਾਂ ਦਾ ਵੇਰਵਾ ਦੇ ਕੇ ਸਤਿਗੁਰੂ ਜੀ ਤੀਜੀ ਡਿਮੈਨਸ਼ਨ ਦੀ ਸੇਧ ਬਖ਼ਸ਼ਸ਼ ਕਰਦੇ ਹਨ ਕਿ ਉਸ ਉਚੇ ਵਲ ਨੂੰ ਵਧਣਾ ਹੈ । ਇਸ ਧਰਤੀ ਦੀ ਧਰਾਤਲ ਨਾਲ ਨਹੀਂ ਚਿਪਕੇ ਰਹਿਣਾ ।

ਸਵਾਲ ਪੁਛਿਆ ਜਾ ਸਕਦੈ ਕਿ ਕੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਜੋ ਧਰਮ ਸੰਸਾਰ ਵਿਚ ਪਰਚਲਤ ਸਨ, ਕੀ ਉਹਨਾਂ ਨੂੰ ਤੀਜੀ ਡਿਮੈਨਸ਼ਨ ਦਾ ਕੋਈ ਪਤਾ ਨਹੀਂ ਸੀ ? ਉਤਰ ਹੈ, ਪਤਾ ਸੀ । ਤੀਜੀ ਡਿਮੈਨਸ਼ਨ ਉਚਾਈ ਹੁੰਦੀ ਹੈ । ਪਛਮੀ ਧਰਮ–ਯਹੂਦੀ ਮਤ, ਈਸਾਈ ਮਤ, ਇਸਲਾਮ, ਵੱਡੇ ਵੱਡੇ ਧਰਮ ਮੰਨੇ ਗਏ ਹਨ, ਪਰ ਇਹਨਾਂ ਦੀ ਤੀਜੀ ਡਿਮੈਨਸ਼ਨ ਦੀ ਉਚਾਈ ਵਿਚ ਫ਼ਰਕ ਹੈ । ਇਹ ਤਿੰਨੇ ਧਰਮ ਰੱਬ ਨੂੰ ਸਤਵੇਂ ਆਕਾਸ਼ ਤੇ ਬੈਠਾ ਦਸਦੇ ਹਨ ਤੇ ਕਹਿੰਦੇ ਨੇ, ਕਿਆਮਤ ਵਾਲੇ ਦਿਨ ਨਿਆਂ ਹੋਣੈ । ਰੂਹਾਂ ਕਬਰਾਂ ਵਿਚੋਂ ਸਣੇ ਦੇਹੀ ਨਿਕਲਣਗੀਆਂ । ਕੁਝ ਨਰਕਾਂ ਵਿਚ ਦੁਖ ਸਹਾਰਨਗੀਆਂ ਤੇ ਕੁਝ ਸਵਰਗਾਂ ਵਿਚ ਹੂਰਾਂ ਪਰੀਆਂ ਦਾ ਵਿਲਾਸੀ ਜੀਵਨ । "ਤੋਹੀ ਮੋਹੀ, ਮੋਹੀ ਤੋਹੀ, ਅੰਤਰੁ ਕੈਸਾ" (੯੩) ਵਾਲੀ ਡਿਮੈਨਸ਼ਨ ਇਹਨਾਂ ਧਰਮਾਂ ਦੇ ਵੇਖਣ ਵਿਚ ਨਹੀਂ ਆ ਸਕੀ ।

ਪੀਰਾਂ ਨੂੰ ਸਤ ਅਸਮਾਨਾਂ ਤੇ ਸਤ ਪਾਤਾਲਾਂ ਤੋਂ ਵਧ ਵੇਖਣ, ਸੁਣਨ ਜਾਂ ਖੋਜਣ ਦੀ ਹਜ਼ਰਤ ਜੀ ਵਲੋਂ ਸੋਝੀ ਹੀ ਨਹੀਂ ਸੀ ਦਿਤੀ ਗਈ । ਸਤਿਗੁਰੂ ਨਾਨਕ ਦੇਵ ਜੀ ਨੇ ਲਖਾਂ ਪਾਤਾਲ ਤੇ ਲਖਾਂ ਆਕਾਸ਼ ਉਹਨਾਂ ਨੂੰ ਅੱਖ ਝਮਕਣ ਜਿੰਨੇ ਸਮੇਂ ਵਿਚ ਦਿਖਾ ਦਿਤੇ ਸਨ, ਪਰ ਉਹ ਸਤ ਆਕਾਸ਼ਾਂ ਤੇ ਸਤ ਪਾਤਾਲਾਂ ਵਿਚ ਹੀ ਭੁਲੇ ਰਹੇ । ਉਹਨਾਂ ਦੀ ਉਚਾਈ ਦੀ ਨਜ਼ਰ ਦੂਰ ਨਹੀਂ ਗਈ । ਅੱਜ ਇਹਨਾਂ ਧਰਮਾਂ ਨੂੰ ਭੌਤਿਕ ਵਿਗਿਆਨ ਦੀਆਂ ਆਧੁਨਿਕ ਖੋਜਾਂ ਸਾਹਮਣੇ ਬੜੀ ਮੁਸ਼ਕਲ ਪੇਸ਼ ਆ ਰਹੀ ਹੈ । ਸਤ ਅਸਮਾਨਾਂ ਵਾਲੀ ਗੱਲ ਹੁਣ ਕੋਈ ਅਰਥ ਨਹੀਂ ਰਖਦੀ । ਇਹਨਾਂ ਧਰਮਾਂ ਦਾ ਅਤੇ ਜ਼ਰਾਤੁਸਤ (ਪਾਰਸੀ) ਧਰਮ ਦਾ ਇਕ ਸੂਰਜ ਅਤੇ ਇਕ ਹੀ ਚੰਦਰਮਾ ਵਿਚ ਵਿਸ਼ਵਾਸ ਹੈ । ਭਾਰਤੀ ਧਰਮ ਭੀ ਇਸੇ ਸੂਰਜ ਅਤੇ ਚੰਨ ਦੀ ਪੂਜਾ ਵਿਚ ਤੁਰੇ ਹਨ । ਮਸਿਆ, ਪੂਰਨਮਾਸ਼ੀ, ਸੰਗਰਾਂਦ ਨੂੰ ਗ੍ਰਹਿ-ਰਾਸ਼ੀਆਂ ਦਾ ਆਪਣਾ ਘਰ ਬਦਲਣਾ, ਕੇਵਲ ਇਕੋ ਸੂਰਜ-ਮੰਡਲ ਦਾ ਖੇਲ ਤਮਾਸ਼ਾ ਹੈ । ਧੰਨ ਸਤਿਗੁਰੂ ਨਾਨਕ ਤੇ ਧੰਨ ਉਹਨਾਂ ਦੀ ਦ੍ਰਿਸ਼ਟੀ । ਜੇ ਸੂਰਜ-ਮੰਡਲ ਹੀ ਇਕ ਤੋਂ ਅਨੇਕ ਹੋ ਜਾਣ ਤਾਂ ਇਹਨਾਂ ਧਰਮਾਂ ਦੀ ਤੀਜੀ ਡਿਮੈਨਸ਼ਨ ਦਾ ਕੀ ਬਣੇਗਾ ?

ਕੇਤੇ ਇੰਦ, ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ ॥੩੫॥ (ਜਪੁਜੀ, ਪੰਨਾ ੭)

ਇਹਨਾਂ ਸਾਰਿਆਂ ਧਰਮਾਂ ਵਿਚ ਤੀਜੀ ਡਿਮੈਨਸ਼ਨ ਤਾਂ ਹੈ, ਪਰ ਕੋਈ ੧੦੦ ਫੁਟ ਉਚਾਈ ਦਾ ਧਰਮ ਹੈ, ਕੋਈ ੨੦੦ ਫੁਟ ਉੱਚਾ ਹੈ । ਪਰ ਸਚੇ ਸਾਹਿਬ ਦਾ ਦਰ ਬੜਾ ਹੀ ਉਚਾ ਹੈ ।

ਅਤਿ ਊਚਾ ਤਾ ਕਾ ਦਰਬਾਰਾ ॥ ਅੰਤੁ ਨਾਹੀ ਕਿਛੁ ਪਾਰਾਵਾਰਾ ॥ (ਵਡਹੰਸ ਮ: ੫, ਪੰਨਾ ੫੬੨)
ਵਡਾ ਸਾਹਿਬੁ, ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥੨੪॥ (ਜਪੁਜੀ)

ਵੱਡੇ ਸਾਹਿਬ ਦਾ ਨਾਮ ਭੀ ਉੱਚਾ ਹੈ ਤੇ ਮੁਕਾਮ ਭੀ ਉੱਚਾ ਹੈ । ਊਚੇ ਤਕ ਪਹੁੰਚਣ ਲਈ ਇਸ ਧਰਤੀ ਦੀ ਧਰਾਤਲ ਤੋਂ ਇਤਨਾ ਹੀ ਉੱਚਾ ਉਠਣਾ ਪੈਣਾ ਹੈ, ਜਿਤਨਾ ਸਾਹਿਬ ਉੱਚਾ ਹੈ ।

ਮਾਰੂ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਸ਼ਬਦ ਵਿਚ ਦੋ ਵਿਅਕਤੀਆਂ ਵਿਚਕਾਰ ਮਿੱਠੇ ਬਚਨ



www.AKJ.Org

ਬਿਲਾਸ ਹੁੰਦੇ ਦਰਸਾਏ ਹਨ। ਇਕ ਸੁਹਾਗਣ ਨਾਮ-ਅਭਿਆਸੀ ਜਨ ਨੂੰ ਦੂਜਾ ਸਤਸੰਗੀ ਇਕੋ ਸਵਾਲ ਪੁਛ ਕੇ ਚੁਪ ਹੋ ਜਾਂਦਾ ਹੈ। ਸੁਹਾਗਣ ਲਈ ਕੂੰਜ ਦਾ ਰੂਪਕ ਬੰਨ੍ਹਿਆ ਹੈ। ਕੂੰਜ ਆਕਾਸ਼ਾਂ ਵਿਚ ਉਡਦੀ ਹੈ, ਉੱਚੇ ਸਾਹਿਬ ਦੇ ਦਰ ਤਕ। ਅਜਿਹੀ ਸੁਹਾਗਣ ਕੂੰਜ ਨੂੰ ਸਤਿਸੰਗੀ 'ਭੈਣ' ਕਹਿ ਕੇ ਸੰਬੋਧਨ ਕਰਦਾ ਹੈ। ਤੇ ਕੂੰਜ ਪੁਛਣ ਵਾਲੇ ਨੂੰ ਬੀਰ ਜਾਂ ਵੀਰ ਕਹਿ ਕੇ ਸੰਬੋਧਨ ਕਰਦੀ ਹੈ।

ਉਹ ਕੂੰਜ ਉੱਚੇ ਚੜ੍ਹ ਕੇ ਆਪਣੇ ਨਿਜੀ ਅਨੁਭਵ ਦਸਦੀ ਹੈ ਕਿ ਜਿਥੇ ਵਾਹਿਗੁਰੂ ਜੀ ਨੇ ਮੈਨੂੰ ਸੋਹਣਾ ਸਰੀਰ ਬਖ਼ਸ਼ਿਆ, ਉਥੇ ਸਰੀਰ ਵਿਚ ਹੀ ਖੁਭੇ ਰਹਿਣ ਲਈ ਤੇ ਭੁਲੇਖੇ ਵਿਚ ਪਏ ਰਹਿਣ ਲਈ ਤੀਬਰ ਤ੍ਰਿਸ਼ਨਾ, ਭਟਕਣਾ, ਤੇ ਭੁਖ ਪਿਆਸ (ਮਾਇਕ ਪਦਾਰਥਾਂ ਦੀ) ਲਾ ਦਿਤੀ। ਪਰ ਜੇ ਉਹ ਮਿਹਰ ਕਰੇ ਤਾਂ ਇਹਨਾਂ ਤੋਂ ਬਚਦੀ ਹਾਂ ਤੇ ਮਨ ਵਿਚ ਸਤ ਸੰਤੋਖ ਤੇ ਧੀਰਜ ਦਾ ਨਿਵਾਸ ਹੁੰਦਾ ਹੈ। ਫਿਰ ਜਿਵੇਂ ਉਹ ਮੈਨੂੰ ਆਪਣੇ ਸੋਹਣੇ ਦਰਸ਼ਨ ਕਰਵਾਉਂਦਾ ਹੈ ਤਿਵੇਂ ਤਿਵੇਂ ਮੈਂ ਉਸ ਪਿਆਰੇ ਦੇ ਦਰਸ਼ਨ ਕਰਦੀ ਹਾਂ। ਜਲ, ਥਲ, ਪਹਾੜ, ਦਰਿਆ ਦੇ ਕੰਢਿਆਂ ਆਦਿ ਉਤੇ। ਇਹ ਸੋਹਣਾ ਤਨ ਤਾਂ ਨਾਸ਼ਮਾਨ ਹੈ। ਜੇ ਉਸਦੀ ਮਿਹਰ ਹੋਵੇ ਤਾਂ ਪੂਰਾ ਗੁਰੂ ਮਿਲਦਾ ਹੈ ਤੇ ਫਿਰ ਉਹ ਨਾਮ ਦ੍ਰਿੜ੍ਹ ਕਰਵਾਉਂਦਾ ਹੈ। ਇਉਂ ਸਾਡਾ ਆਪਾ ਉਸ ਵਿਚ ਸਮਾਉਣ ਜੋਗ ਬਣ ਜਾਂਦਾ ਹੈ ਤਾਂ ਉਸ ਵਿਚ ਸਮਾ ਜਾਈਦਾ ਹੈ। ਗੁਰਵਾਕ ਹੈ—ਬਾਗੇ ਕਾਪੜ ਬੋਲੈ ਬੈਣ ॥ ਲੰਮਾ ਨਕੁ, ਕਾਲੇ ਤੇਰੇ ਨੈਣ ॥

ਕਬਹੂੰ ਸਾਹਿਬੁ ਦੇਖਿਆ ਭੈਣ ॥੧॥
ਊਡਾਂ ਊਡਿ ਚੜਾਂ ਅਸਮਾਨਿ ॥ ਸਾਹਿਬ ਸੰਮ੍ਰਿਥ ਤੇਰੈ ਤਾਣਿ ॥
ਜਲ ਥਲ ਡੂੰਗਰਿ ਦੇਖਾਂ ਤੀਰ ॥ ਥਾਨ ਥਨੰਤਰਿ ਸਾਹਿਬੁ ਬੀਰ ॥੨॥
ਜਿਨਿ ਤਨੁ ਸਾਜਿ ਦੀਏ ਨਾਲਿ ਖੰਭ ॥ ਅਤਿ ਤ੍ਰਿਸਨਾ ਉਡਣੈ ਕੀ ਡੰਝ ॥
ਨਦਰਿ ਕਰੇ ਤਾਂ ਬੰਧਾਂ ਧੀਰ ॥ ਜਿਉ ਵੇਖਾਲੇ ਤਿਉ ਵੇਖਾਂ ਬੀਰ ॥੩॥
ਨ ਇਹੁ ਤਨੁ ਜਾਇਗਾ, ਨ ਜਾਹਿਗੇ ਖੰਭ ॥ ਪਉਣੈ ਪਾਣੀ ਅਗਨੀ ਕਾ ਸਨਬੰਧ ॥
ਨਾਨਕ ਕਰਮੁ ਹੋਵੈ, ਜਪੀਐ, ਕਰਿ ਗੁਰੁ ਪੀਰ ॥ ਸਾਚਿ ਸਮਾਵੈ ਇਹੁ ਸਰੀਰੁ ॥੪॥੪॥੬॥

(ਮਲਾਰ ਮ: ੧, ਪੰਨਾ ੧੨੫੭)

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਅਸਾਂ ਅੰਨ੍ਹਿਆਂ ਬੋਲਿਆਂ ਨੂੰ ਤੀਜੀ ਡਿਮੈਨਸ਼ਨ ਦੀ ਸੋਝੀ ਬਖਸ਼ੀ ਕਿ ਗੁਰੁ ਪੀਰ ਧਾਰ ਕੇ ਨਾਮ ਜਪੋ, ਖ਼ੂਬ ਜਪੋ, ਉਸ ਦੀ ਮਿਹਰ ਵਿਚ ਅਸਮਾਨੀਂ ਉਡਾਰੀਆਂ ਮਾਰੋ। ਇਸ ਸੰਸਾਰ ਵਿਚ ਜ਼ੱਰੇ ਜ਼ੱਰੇ ਵਿਚ ਉਚੇ ਸਾਹਿਬ ਦੇ ਦਰਸ਼ਨ ਕਰੋ। ਇਉਂ ਜਪਦਿਆਂ ਜਪਦਿਆਂ ਉਸਦੀ ਮਿਹਰ ਵਿਚ ਹੀ ਜਨਮ ਸਫਲਾ ਹੁੰਦਾ ਹੈ। ਇਥੇ ਆਪਣੀ ਕੀਤੀ ਕਮਾਈ ਦਾ ਕੋਈ ਦਾਅਵਾ ਨਹੀਂ ਬੰਨ੍ਹ ਸਕਦਾ, ਇਥੇ ਤਾਂ ਆਪਾ ਮੇਟ ਕੇ ਉਸਦੀ ਮਿਹਰ ਵਿਚ ਤੁਰਨਾ ਬਣਦਾ ਹੈ।

---

(ਸਫ਼ਾ ੧੨ ਦੀ ਬਾਕੀ)

ਆਦਮ-ਖ਼ੋਰ ਡਾਕੂਆਂ ਤੋਂ ਹਰ ਵੇਲੇ ਜਿੰਦ ਉਤੇ ਵਾਰ ਹੋਣ ਦੀ ਸੰਭਾਵਨਾ; ਸਾਥੀ ਦਾ ਉਹਨਾਂ ਦੇ ਕਾਬੂ ਆ ਜਾਣਾ; ਜਿਨ੍ਹਾਂ ਅਜਿਹੇ ਘੋਰ ਨਿਰਦਈ ਡਾਕੂਆਂ ਨੂੰ ਫੜਨ ਲਈ ਦੇਸਾਂ ਦੀਆਂ ਸਰਕਾਰਾਂ ਪੁਲਸ ਤੇ ਫ਼ੌਜ ਦੇ ਜੱਥੇ ਭੇਜ ਕੇ ਭੀ ਸਫਲਤਾ ਦੀ ਆਸ ਨਾ ਰੱਖਣ, ਉਹਨਾਂ ਦੇ ਕਬਜ਼ੇ ਵਿਚੋਂ ਮਰਦਾਨੇ ਨੂੰ ਲੱਭਣ ਲਈ ਸੂਰਮੇ ਮਰਦ ਗੁਰੂ ਨਾਨਕ ਪਾਤਿਸ਼ਾਹ ਦਾ ਇਕੱਲੇ ਹੀ ਬੇ-ਹਥਿਆਰੇ ਉਹਨਾਂ ਦੇ ਖ਼ਤਰਨਾਕ ਗੜ੍ਹ ਵੱਲ ਤੁਰ ਪੈਣਾ;—ਇਹ ਇਕ ਐਸੀ ਬੇ-ਮਿਸਾਲ ਨਿਰਭੈਤਾ ਤੇ ਸੂਰਮਤਾ ਹੈ ਜਿਸ ਦਾ ਗੁਰੂ ਨਾਨਕ ਪਾਤਿਸ਼ਾਹ ਦੇ ਹਰੇਕ ਨਾਮ-ਲੇਵਾ ਸਿੱਖ ਨੂੰ ਸਦਾ ਫ਼ਖ਼ਰ ਰਹਿਣਾ ਚਾਹੀਦਾ ਹੈ। ਉਹ ਕਿਹੜਾ ਹਥਿਆਰ ਸੀ ਜਿਸ ਦਾ ਸਦਕਾ ਸਤਿਗੁਰੂ ਜੀ ਇਕ ਅੱਤ ਭਿਆਨਕ ਖ਼ਤਰੇ ਦਾ ਟਾਕਰਾ ਕਰਨ ਤੁਰ ਪਏ ਸਨ? ਵੈਰ ਨੂੰ ਵੈਰ ਨਹੀਂ ਕੱਟ ਸਕਦਾ। ਨਿਰਦਇਤਾ ਨੂੰ ਨਿਰਦਇਤਾ ਨਹੀਂ ਜਿੱਤ ਸਕਦੀ। ਗੁਰੂ ਨਾਨਕ ਪਾਤਿਸ਼ਾਹ ਪਾਸ ਸਰਬ-ਵਿਆਪੀ ਖ਼ਾਲਕ ਦੀ ਯਾਦ ਅਤੇ ਉਸ ਦੀ ਖ਼ਲਕਤ ਨਾਲ ਪਿਆਰ ਹਮਦਰਦੀ ਦੀ ਢਾਲ ਸੀ।



www.AKJ.Org

# ਸੂਰਮਾ ਮਰਦ ਗੁਰੂ ਨਾਨਕ ਪਾਤਿਸ਼ਾਹ ਅਤੇ ਕੌਡਾ ਭੀਲ

[ ਪ੍ਰੋਫੈਸਰ ਸਾਹਿਬ ਸਿੰਘ ਜੀ ਡੀ. ਲਿਟ. ]

ਸਿੱਖ ਕੌਮ ਦਾ ਬੱਚਾ ਬੱਚਾ ਕੌਡੇ ਦਾ ਨਾਮ ਜਾਣਦਾ ਹੈ। ਪਰ ਅਸੀ ਇਸ ਨੂੰ ਰਾਖਸ਼ ਆਖ ਕੇ ਅਨਭੋਲ ਜਿਹੇ ਉਹੀ ਗ਼ਲਤੀ ਕਰ ਰਹੇ ਹਾਂ, ਜੋ ਅੱਜ ਤੋਂ ਸਦੀਆਂ ਪਹਿਲਾਂ ਆਰੀਆ ਲੋਕ ਜਾਣ-ਬੁੱਝ ਕੇ ਕਰ ਰਹੇ ਸਨ। ਸਾਰੀ ਖ਼ਲਕਤ ਵਿਚ ਇਕ ਕਰਤਾਰ ਨੂੰ ਵੇਖਣ ਵਾਲੇ ਅਤੇ ਨੀਵੇਂ ਤੋਂ ਨੀਵਾਂ ਜੀਵਨ ਬਤੀਤ ਕਰਨ ਉਤੇ ਮਜਬੂਰ ਕੀਤੇ ਹੋਏ ਬੰਦਿਆਂ ਨਾਲ ਭੀ ਪਿਆਰ ਕਰਨ ਵਾਲੇ ਗੁਰੂ ਨਾਨਕ ਪਾਤਿਸ਼ਾਹ ਦੇ ਨਾਮ-ਲੇਵਾ ਸਿੱਖ ਨੂੰ ਇਹ ਨਹੀਂ ਸੋਭਦਾ ਕਿ ਉਹ ਭੀ ਭੀਲਾਂ ਨੂੰ ਰਾਖਸ਼ ਆਖੇ। ਕਿਸ ਦਾ ਜੀਅ ਕਰਦਾ ਹੈ ਭੁੱਖ ਨਾਲ ਮਰਨ ਤੇ? ਭੀਲ ਕਿਰਾਤ ਦ੍ਰਾਵਿੜੀ ਭੀ ਸਾਡੇ ਵਰਗੇ ਮਨੁੱਖ ਹਨ। ਜਦੋਂ ਉਹਨਾਂ ਨੂੰ ਅੰਨ-ਉਪਜਾਊ ਧਰਤੀ ਤੋਂ ਨਿਕਲਣ ਤੇ ਮਜਬੂਰ ਕੀਤਾ ਗਿਆ, ਤੇ ਇਸ ਤਰ੍ਹਾਂ ਭੁੱਖ ਤੇ ਮੌਤ ਦਾ ਟਾਕਰਾ ਕਰਨਾ ਪਿਆ, ਤਾਂ ਉਹ ਇਸ ਤੋਂ ਛੁਟ ਹੋਰ ਕੀ ਕਰਦੇ ਕਿ ਜਦੋਂ ਕਦੇ ਆਰੀਆ ਲੋਕਾਂ ਵਿਚੋਂ ਕੋਈ ਬੰਦਾ ਉਹਨਾਂ ਦੇ ਢਹੇ ਚੜ੍ਹ ਜਾਏ, ਤਾਂ ਉਸ ਦੇ ਮਾਸ ਨਾਲ ਹੀ ਆਪਣੇ ਭੁੱਖੇ ਢਿੱਡ ਨੂੰ ਝੁਲਕਾ ਦੇ ਲੈਣ?

ਪਰ ਵੇਖੋ ਦਲੇਰੀ ਤੇ ਮਨੁੱਖੀ ਪਿਆਰ ਗੁਰੂ ਨਾਨਕ ਪਾਤਿਸ਼ਾਹ ਦਾ। ਇਹ ਦੋ ਪਿਆਰ-ਭਰੇ ਦਿਲ ਵਾਲੇ ਜੀਊੜੇ ਮਾਣਸ-ਖਾਣੇ ਬੰਦਿਆਂ ਨਾਲ ਪਿਆਰ ਕਰਨ ਲਈ ਉਹਨਾਂ ਦੇ ਸੈਂਕੜੇ ਮੀਲਾਂ ਦੇ ਜੰਗਲੀ ਪਹਾੜੀ ਬੰਜਰ ਦੇਸ ਵਿਚੋਂ ਦੀ ਲੰਘਦੇ ਹਨ। ਜਿਵੇਂ ਐਮਨਾਬਾਦ ਤੋਂ ਤੁਰ ਕੇ ਪਿੰਡ ਪਿੰਡ ਅਟਕ ਕੇ ਸਹੀ ਮਨੁੱਖਤਾ ਦਾ ਪਰਚਾਰ ਕਰਦੇ ਆ ਰਹੇ ਸਨ, ਤਿਵੇਂ ਭੀਲਾਂ ਦੇ ਹਰੇਕ ਪਿੰਡ ਵਿਚ ਭੀ ਭਾਈ ਮਰਦਾਨੇ ਦੀ ਵਜਦੀ ਰਬਾਬ ਨਾਲ ਆਪਣੀ ਮਿੱਠੀ ਸੁਰ ਜੋੜ ਕੇ ਗੁਰੂ ਨਾਨਕ ਪਾਤਿਸ਼ਾਹ ਨੇ ਕੀਰਤਨ ਦੀ ਰਾਹੀਂ ਉਹਨਾਂ ਲੋਕਾਂ ਦੀ ਸੁਰਤ ਉੱਚੀ ਕੀਤੀ।

ਕਈ ਥਾਈਂ ਜਿੰਦ ਉਤੇ ਵਾਰ ਕਰਨ ਲਈ ਭੀਲਾਂ ਦਾ ਆਉਣਾ ਕੁਦਰਤੀ ਸੀ। ਪਰ ਸੂਰਮੇ ਮਰਦ ਦੇ ਚਿਹਰੇ ਉਤੇ ਰੱਬੀ ਨੂਰ ਤੇ ਖ਼ਲਕਤ ਦੇ ਪਿਆਰ ਦੀ ਝਲਕ ਵੇਖ ਕੇ ਉਹਨਾਂ ਲੋਕਾਂ ਦੇ ਸਿਰ ਨਿਉਂ ਜਾਣੇ ਭੀ ਕੁਦਰਤੀ ਗੱਲ ਸੀ। ਅਨੇਕਾਂ ਭੀਲ ਆਏ, ਦਰਸ਼ਨ ਕਰ ਕੇ ਤੇ ਰੱਬੀ ਸਨੇਹਾ ਸੁਣ ਕੇ ਸੁਭਾਗ ਬਣਦੇ ਗਏ। ਪਰ ਸਭ ਤੋਂ ਵੱਡੀ ਸੁਭਾਗਤਾ ਕੌਡੇ ਦੇ ਹਿੱਸੇ ਆਉਣੀ ਸੀ, ਜਿਸ ਦਾ ਨਾਮ ਗੁਰੂ ਨਾਨਕ ਪਾਤਿਸ਼ਾਹ ਦੇ ਚਰਨਾਂ ਦੀ ਬਰਕਤ ਨਾਲ ਸਦਾ ਲਈ ਅਟੱਲ ਹੋ ਗਿਆ।

ਸਿੱਖ-ਇਤਿਹਾਸ ਲਿਖਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਭੀਲਾਂ ਦੇ ਇਲਾਕੇ ਵਿਚੋਂ ਲੰਘਦੇ ਹੋਏ ਕਿਤੇ ਉਜਾੜ ਜਿਹੀ ਵਿਚ ਪਹੁੰਚੇ, ਮਰਦਾਨਾ ਕਿਸੇ ਕਾਰਨ ਸਤਿਗੁਰੂ ਜੀ ਤੋਂ ਰਤਾ ਲਾਂਭੇ ਦੁਰੇਡਾ ਚਲਾ ਗਿਆ, ਤਾਂ ਕੌਡੇ ਨੇ ਉਸ ਨੂੰ ਫੜ ਲਿਆ। ਮਰਦਾਨੇ ਦੇ ਕੁਝ ਚਿਰ ਨਾ ਪਹੁੰਚਣ ਤੇ ਗੁਰੂ ਨਾਨਕ ਦੇਵ ਜੀ ਨੇ ਉਸ ਦੀ ਭਾਲ ਕੀਤੀ। ਉਹ ਉਸ ਇਲਾਕੇ ਦੇ ਸਾਰੇ ਖ਼ਤਰਿਆਂ ਨੂੰ ਜਾਣਦੇ ਸਨ। ਭਾਲ ਕਰਦਿਆਂ ਸਤਿਗੁਰੂ ਜੀ ਨੇ ਮਰਦਾਨੇ ਨੂੰ ਕੌਡੇ ਦੇ ਕਬਜ਼ੇ ਵਿਚ ਜਾ ਲੱਭਾ। ਕੌਡਾ ਮਨੁੱਖਤਾ ਦੀ ਅੱਤ ਨੀਵੀਂ ਪੱਧਰ ਤੇ ਅੱਪੜ ਚੁਕਾ ਹੋਇਆ ਸੀ, 'ਸਾਊ' ਸਮਾਜ ਦਾ ਜੇ ਕੋਈ ਭੁੱਲਿਆ-ਭਟਕਿਆ ਬੰਦਾ ਉਸ ਦੇ ਤਰੇਟੇ ਚੜ੍ਹਦਾ ਸੀ, ਤਾਂ ਉਸ ਨੂੰ ਮਾਰ ਕੇ ਖਾਣੋਂ ਭੀ ਫ਼ਰਕ ਨਹੀਂ ਸੀ ਕਰਦਾ। ਪਰ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਦਾ ਜਲਾਲ ਤੱਕ ਕੇ ਉਸ ਦੇ ਦਿਲ ਦੀ ਕਠੋਰਤਾ ਦੂਰ ਹੋ ਗਈ। ਸਤਿਗੁਰੂ ਜੀ ਨੇ ਉਸ ਨੂੰ 'ਸਾਊ' ਸਮਾਜ ਦੇ ਅੱਨਿਆਇ-ਭਰੇ ਸਲੂਕ ਦਾ ਮਰਦਾਂ ਵਾਂਗ ਟਾਕਰਾ ਕਰਨ ਦੇ ਰਾਹੇ ਪਾਇਆ, ਤੇ, ਆਦਮ-ਖ਼ੋਰੀ ਦੇ ਘੋਰ ਕੁਕਰਮ ਵਲੋਂ ਹਟਾਇਆ।

**ਪਾਠਕ ਸੱਜਣ–**

ਕੌਡੇ ਭੀਲ ਦੀ ਸਾਖੀ ਸਿੱਖ-ਇਤਿਹਾਸ ਵਿਚ ਇਕ ਅਦੁੱਤੀ ਚਾਨਣ-ਮੁਨਾਰਾ ਹੈ। ਜੰਗਲੀ ਪਹਾੜੀ ਖ਼ਤਰੇ-ਭਰਿਆ ਇਲਾਕਾ, ਆਪਣੇ ਵਤਨ ਤੋਂ ਹਜ਼ਾਰਾਂ ਮੀਲਾਂ ਦੀ ਵਿੱਥ; ਓਪਰੇ ਲੋਕ; ਨਾ ਕਿਸੇ ਨਾਲ ਜਾਣ ਨਾ ਪਛਾਣ;

(ਬਾਕੀ ਵੇਖੋ ਸਫ਼ਾ ੧੧ ਹੇਠ)



www.AKJ.Org

# ਰੰਗ ਕਰਤਾਰ ਦੇ

( ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ )

ਗੁਰੂ ਅਵਤਾਰ ਆਗਮਨ ਦੇ ਦਿਵਸ ਆਏ, ਅਚਰਜ ਰੰਗ ਬਣੇ ਰੁੱਤਿ ਦੀ ਬਹਾਰ ਦੇ ।
ਰੁਤਿ ਦੀ ਬਹਾਰ ਸੰਗਿ ਅਚਰਜ ਰੰਗ ਬਣੇ, ਆਤਮ ਉਲਾਸ ਤਰੰਗ ਮਉਜ ਮਲਵਾਰ ਦੇ ।
ਮਉਲਿ ਮਉਲਿ ਆਤਮ ਉਮਾਹ ਕਾਂਗ ਸਾਂਗ ਉਠੀ, ਔਖੇ ਹੋਏ ਝੱਲਣੇ ਝਲਾਰ ਉਮਗਾਰ ਦੇ ।
ਉਮਗਿ ਉਮਗਿ ਰਸ ਝਰਨੇ ਝਰਨ ਲਗੇ, ਜਰਨੇ ਕਠਨ ਝਨਕਾਰ ਝਲਕਾਰ ਦੇ ।

ਜੋਤਿ ਝਲਕਾਰ ਝਰਨਾਰ ਰਸ ਤਾਰ ਬੱਝੀ, ਚੰਭ ਚਮਕਾਰ ਗੁਰੂ ਨਾਨਕ ਦਿਦਾਰ ਦੇ ।
ਚੰਭੁਕ ਚਮਤਕਾਰ ਦਿਬ ਦਰਸਾਰਿਆਂ ਦੇ, ਦੇਖ ਮੇਰੇ ਜੀਅੜੇ ਤੂੰ ਰੰਗ ਕਰਤਾਰ ਦੇ ।
ਜੋਤਿ ਰੰਗਿ ਰੱਤਾ ਮੇਰਾ ਚੋਲੜਾ ਚਲੂਲ ਭਇਆ, ਵੁਠੜੇ ਬਿਸਮ ਰੰਗ ਢੋਲੜੇ ਭਤਾਰ ਦੇ ।
ਢੋਲੜੇ ਭਤਾਰ ਸਤਿਗੁਰੂ ਕਰਤਾਰ, ਗੂੜ, ਗੱਚ ਰੱਚ ਚੋਲੜੇ ਮਜੀਠੜੀ ਰੰਗਾਰ ਦੇ ।

ਲਾਲ ਰੰਗ ਲਗੜਾ ਚੁਲੰਭ ਪਾਰਸੰਗੜਾ, ਚੁਲੰਭੜਨ ਚੋਜ ਨਾਮ ਪਾਰਸ ਅਪਾਰ ਦੇ ।
ਪਾਰਸ ਅਪਾਰ ਨਾਮ ਪਾਰਸ ਅਕਲ ਕਲਾ, ਦਾਤਿ-ਜੋਤਿ-ਗੱਫੇ ਗੁਰੂ ਨਾਨਕ ਦਾਤਾਰ ਦੇ ।
ਧੁਰਿ ਦਰਗਾਹ ਕਰਤਾਰ ਦੇ ਅਗੰਮ ਗੱਫੇ, ਆਣਿ ਵਰਤਾਏ ਗੁਰੂ ਵਿਚਿ ਸੰਸਾਰ ਦੇ ।
ਪਾਰਸ ਪਰਸ ਮੇਰੀ ਦੇਹੁਰੀ ਕੰਚਨ ਭਈ, ਦੇਖ ਮੇਰੇ ਜੀਅੜੇ ਤੂੰ ਰੰਗ ਕਰਤਾਰ ਦੇ ।

ਰੰਗ ਕਰਤਾਰ ਦੇਖਿ ਦੇਖਕੇ ਮੈਂ ਦੰਗ ਭਈ, ਨਦਰ ਕਰੰਮੀ ਕ੍ਰਿਸ਼ਮੇ ਨੇ ਨਿਰੰਕਾਰ ਦੇ ।
ਨਾਮ ਰੰਗ ਲਾਇ ਮੇਰੇ ਅੰਦਰੇ ਹੀ ਆਇ ਵੁੱਠੇ, ਦਗਨ ਦਗਾਏ ਰੂਪ ਬਿਮਲ ਜੋਤਾਰ ਦੇ ।
ਜੋਤਿ ਦੀਪ ਘਟਿ ਉਜਿਆਰ ਛਬਿ ਲਟਿ ਲਟਿ, ਜਗਨ ਜਗਾਏ ਦੀਵੇ ਨੂਰ ਦਰਸਾਰ ਦੇ ।
ਖਾਕ ਨੂਰ ਕਰਦਮ ਪਾਕ ਪਰਬੀਨ ਗੁਰਿ, ਦੇਖਿ ਮੇਰੇ ਜੀਅੜੇ ਤੂੰ ਰੰਗ ਕਰਤਾਰ ਦੇ ।

ਤਾਰ ਦਿਤੇ ਬਾਬੇ ਚਾਰ ਚਕ ਨਵ ਖੰਡ ਦੀਪ, ਭਵਜਲੋਂ ਪਾਰ ਕੀਤੇ ਬੇੜੇ ਭਗਤਾਰ ਦੇ ।
ਭਗਤਿ ਭਜਨ ਕੀਰਤਨ ਰਸ ਰੰਗ ਰਤੇ, ਭਗਤ ਰਸਾਲੇ ਭੌਰੇ ਗੁਰ ਚਰਨਾਰ ਦੇ ।
ਚਰਨ ਅਰਬਿੰਦ ਮਕਰੰਦੀਏ ਭਵਰ ਤਾਰੇ, ਰਸ ਮਗਨੰਦ ਲਿਵ ਅੰਮ੍ਰਿਤ ਧਾਰ ਦੇ ।
ਨਾਮ ਲਿਵ ਲਾਇ ਮਗਨਾਇ ਬਿਸਮਲ ਕੀਏ, ਦੇਖ ਮੇਰੇ ਜੀਅੜੇ ਤੂੰ ਰੰਗ ਕਰਤਾਰ ਦੇ ।

ਜਨਮ ਮਰਨ ਦੋਹੂਅਨ ਮਾਹਿ ਨਾਹਿ ਜਨ, ਅਵਤਰਿ ਆਇ ਹਿਤ ਪਰ-ਉਪਕਾਰ ਦੇ ।
ਜੀਅ ਦਾਨ ਦੇਇ ਭਾਇ ਭਗਤ ਦ੍ਰਿੜਾਇ ਦੇਣ, ਓੜਕ ਮਿਲਾਇ ਲੈਣ ਸੰਗਿ ਕਰਤਾਰ ਦੇ ।
ਮਾਨੁੱਖ ਤੇ ਦੇਵਤੇ ਬਣਾਇ ਦੇਣ ਖਿਨ ਮਾਹਿ, ਜਿਨ ਪਰ ਗੁਰੂ ਜਨ ਨਦਰ ਨਿਹਾਰਦੇ ।
ਹਾਰਦੇ ਨ ਮਾਨੁੱਖ ਜਨਮ ਜਿਣ ਜਾਣਿ ਜਗਿ, ਦੇਖ ਲੋ ਪ੍ਰਤੱਖ ਰੰਗ ਗੁਰੂ ਕਰਤਾਰ ਦੇ ।

ਨਾਮੁ ਨਿਰਬਾਣੁ ਕਲਿਆਣਕਾਰੀ ਕਲੀ ਮਾਂਹਿ, ਸਤੁ, ਜਗੁ, ਪੂਜਾ, ਧਰਮ ਹੋਰਤ ਜੁਗਾਰ ਦੇ ।
ਕਲਜੁਗਿ ਕੇਵਲ ਪ੍ਰਧਾਨ ਕੀਰਤਨ ਨਾਮੁ, ਹੋਰਤ ਉਪਾਉ ਕੂੜ ਜੀਵਨ ਉਧਾਰ ਦੇ ।
ਸੱਚੋ ਸੱਚ ਹੋਇ ਚੋਹਾਂ ਜੁੱਗਾਂ ਦਾ ਨਿਬੇੜਾ ਹੁਣ, ਵਾਕ ਪਰਪਾਕ ਸੱਚੇ ਗੁਰ ਬਚਨਾਰ ਦੇ ।
ਅਚਰਜ ਸਾਂਗ ਵਰਤਣਿ ਵਿਚਿ ਕਲਿਜੁਗ, ਦੇਖੀ ਚਲ ਜੀਅੜੇ ਤੂੰ ਰੰਗ ਕਰਤਾਰ ਦੇ ।



www.AKJ.Org

ਨਾਮ ਦੀ ਕਮਾਈ ਕਰਿ ਗਏ ਪੰਨੇ ਪਏ ਸੋਈ, ਸੋਈ ਭਏ ਭਾਗੀ ਗੁਰ ਨਾਨਕ ਭੰਡਾਰ ਦੇ ।
ਭਏ ਨਿਰੰਕਾਰੀ ਸੰਸਾਰੀਓਂ ਸਚੇ ਭੰਡਾਰੀ, ਖੁਲ੍ਹੜੇ ਖਜ਼ਾਨੇ ਨਿਧਿ ਨਾਮ ਸਿਧਿ ਸਾਰ ਦੇ ।
ਰਲਿ ਮਿਲ ਖਾਇ ਖਰਚਾਇ ਨਾਹਿ ਤੋਟ ਆਇ, ਵਧਦੇ ਸਦਾਇ ਤੋਸ਼ੇ ਦਿੱਤ ਖ਼ਸਮਾਰ ਦੇ ।
ਲੰਗਰ ਚਲਾਇ ਗੁਰ ਸਬਦ ਕਮਾਈਆਂ ਦੇ, ਈਹਾਂ ਊਹਾਂ ਮਾਣੇ ਤਿਨਿ ਰੰਗ ਕਰਤਾਰ ਦੇ ।

ਧੰਨ ਗੁਰਦੇਵ ਗੁਰ ਨਾਨਕ ਗੋਬਿੰਦ ਰੂਪ, ਸਦਕੇ ਹਜ਼ਾਰ ਬਾਰ ਤੇਰੇ ਉਪਕਾਰ ਦੇ ।
ਚਾਰ ਕੁੰਟ ਚੌਦਾਂ ਹੂ ਭਵਨ ਮਹਿ ਰਟਨ ਕਰਿ,ਭਰਿ ਭਰਿ ਪਿਆਏ ਅਮੀ ਪਿਆਲੜੇ ਪਿਆਰ ਦੇ ।
ਸੱਚੜਾ ਪਿਆਰ ਗੁਰ ਨਾਨਕ ਦਇਆਰ ਤੇਰਾ, ਲੱਧੜੇ ਸਗਲ ਨਰ ਤੇਰੇ ਸਤਿਕਾਰ ਦੇ ।
ਹਰਮਨ-ਪਿਆਰਾ ਗੁਰ ਨਾਨਕ ਨਿਰੰਕਾਰ, ਤੈਂ ਹੀ ਆਸ਼ਕਾਰ ਕੀਤੇ ਰੰਗ ਕਰਤਾਰ ਦੇ ।

ਅੰਮ੍ਰਿਤ ਵੇਲੇ ਅੱਜ ਟੁੰਬ ਕੇ ਜਗਾਇਆ ਮੋਹਿ, ਚੁੰਮਣ ਚੁਮਾਏ ਗੁਰ ਚਰਨ ਦੁਲਾਰ ਦੇ ।
ਚਰਨ ਕਮਲ ਦਲ ਮੌਜ ਮਸਤੇਜ ਹੁਇ, ਅਮਲ ਖਿੜਾਏ ਅਮੀ ਦਰਸ ਖੁਮਾਰ ਦੇ ।
ਚੜ੍ਹੀਆਂ ਖੁਮਾਰੀਆਂ ਝੁਲਾਰੀਆਂ ਝਲਕ ਦੀਆਂ, ਡੱਲਕਣ ਨੂਰ ਮੁਖ ਰੰਗਲ ਗੁਲਾਰ ਦੇ ।
ਰੰਗਲ ਗੁਲਾਰੇ ਮੁਖ ਨੂਰ ਡਲ੍ਹਕਾਰੇ ਨੈਨ, ਲਗਨ ਟਟਾਰੇ ਦੇਖਿ ਰੰਗਿ ਕਰਤਾਰ ਦੇ ।

ਲਗਨ ਟਟਾਰੇ ਨੈਨ ਮਗਨ ਮੁਰਾਰੇ, ਲੈਣ ਅਨਦ ਹੁਲਾਰੇ ਗੈਨ ਅਮਰ ਅਟਾਰ ਦੇ ।
ਅਮਰ ਅਟਾਰੇ ਖੁਲ੍ਹੇ ਦਸਮ ਦੁਆਰੇ, ਘੁਰੇ ਗਗਨ ਨਗਾਰੇਂ ਅਨਹਦ ਘੁਮਕਾਰ ਦੇ ।
ਗਗਨ ਘੁਮੱਕੇ ਅਨਹਦ ਬਬਰੱਕੇ, ਜੋਤਿ ਦਾਮਨ ਦਮੱਕੇ ਦਮਕਾਰ ਬਿਜਲਾਰ ਦੇ ।
ਬ੍ਹਜਲ ਜੋਤਾਰ ਨਭਿ ਨਾਭ ਇਕਸਾਰ ਜਗੇ, ਕਉਤਕ ਕਟਾਖੀ ਡਿਠੇ ਰੰਗ ਕਰਤਾਰ ਦੇ ।

ਚਾਂਦਨੀ ਪਸਰ ਰਹੀ ਧਰਤ ਸੁਵੰਨੀ ਭਈ, ਰਤਨ ਜੜੰਨੇ ਉਤੇ ਸਗਰੀ ਸੇਜਾਰ ਦੇ ।
ਰਤਨ ਨਗੀਨੜੇ ਜਗਾਏ ਜਗਮਗ ਹੀਰੇ, ਅਘੜ ਘੜਾਏ ਗਹਿਣੇ ਜੋਤਿ ਜਗਨਾਰ ਦੇ ।
ਜੁਗਨੂੰ ਜੜੰਨੇ ਜੋਤਿ ਅਘੜ ਘੜੰਨੇ, ਹਥਿ ਹੀਰੜੇ ਚੜ੍ਹੰਨੇ ਨਿਰਮੋਲਕ ਕੀਮਾਰ ਦੇ ।
ਕੀਮੀਆ ਅਕੀਮ ਕੀਮ ਪਾਰਜਾਤ ਮਾਤ, ਕੀਨ, ਕਹਿਨ ਕਥੰਨ ਹੀਨ ਰੰਗ ਕਰਤਾਰ ਦੇ ।

ਭਜਨ ਭੋਜਨ ਚੂਰੇ ਕੀਰਤਨ ਨਾਦ ਪੂਰੇ, ਕਿਰਨ ਠਰੂਰੇ ਤੂਰੇ ਵਜਨਿ ਤੁਖਾਰ ਦੇ ।
ਤਪਤ ਬੁਝਾਈ ਰੁਤਿ ਸੀਤਲ ਤੁਖਾਰ ਆਈ, ਵਜੜੀ ਵਧਾਈ ਗਾਏ ਮੰਗਲ ਮਲ੍ਹਾਰ ਦੇ ।
ਮੰਗਲ ਮਨਾਏ ਮਿਲਿ ਸੋਹਿਲੜੇ ਗਾਏ, ਗੁਰ ਨਾਨਕ ਜਗਤ ਆਏ ਭੁਜ ਭਗਤਾਰ ਦੇ ।
ਭੁਜ ਭਗਤਨ ਅਸਧੁਜ ਧਰਮਨ ਧੁਜਿ, ਪੀਰਾਂ ਸਿਰ ਪੀਰ ਸ਼ਿਰਮੌਰ ਔਲੀਆਰ ਦੇ ।

ਜ਼ਾਹਰਾ ਜ਼ਹੂਰ ਸਦਾ ਹਾਜ਼ਰਾ ਹਜ਼ੂਰ, ਐਨ ਨੂਰੀਆਂ ਦੇ ਨੂਰ ਹੋ ਸੂਰਜ ਸੂਰਜ਼ਾਰ ਦੇ ।
ਘਟਿ ਘਟਿ ਭਰਪੂਰ ਦੂਰ ਭਗਤਾਂ ਤੋਂ ਕਦੇ ਨਾਂਹਿ, ਅੰਗ ਸੰਗ ਸਦਾ ਨਿਜ ਸਿਖ ਸੇਵਾਦਾਰ ਦੇ ।
ਭਗਤਨ ਟੇਕ ਸੰਤਾਂ ਆਸਰਾ ਤੂੰ ਏਕ, ਸੁਧਾ, ਸਾਗਰ ਬਿਬੇਕ ਸੋਮੇ ਗਿਆਨ ਤਤਸਾਰ ਦੇ ।
*ਸਾਹਿਬ ਸਿਫਾਤ ਮੁਅਜਜ਼ੂਮ ਮੁਅਜਜ਼ਾਤ, ਮਕਰੂਮ ਕਰਾਮਾਤ ਨੂਰ ਹਕ ਅਨਵਾਰ ਦੇ ।

[ਕੱਤਕ ਪੂਰਨਮਾਸ਼ੀ, ੨ ਨਵੰਬਰ ੧੯੩੩

---

* ਸਾਹਿਬ ਗੁਰੂ ਨਾਨਕ ਜੀ ਸਿਫ਼ਤਾਂ ਦੇ ਸਾਹਿਬ, ਕਰਾਮਾਤਾਂ ਤੇ ਮੁਅਜਜ਼ਿਆਂ ਦੇ ਭੰਡਾਰ ਅਤੇ ਸਾਰੇ ਨੂਰਾਂ ਵਿਚੋਂ ਸੱਚਾ ਨੂਰ ਹਨ ।



www.AKJ.Org

# ਬਗ਼ਦਾਦ-ਫੇਰੀ

[ ਸ: ਨਿਰਮਲ ਸਿੰਘ ਜੀ ]

ਬਗ਼ਦਾਦ ਸ਼ਹਿਰ ਦੇ ਇਕ ਕਬਰਿਸਤਾਨ ਵਿਚ ਬੈਠ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਲਾਹੀ ਕੀਰਤਨ ਦੁਆਰਾ ਉਥੋਂ ਦੇ ਲੋਕਾਂ ਦੇ ਭਰਮ-ਜਾਲ ਤੋੜੇ। ਸੂਫ਼ੀ ਫ਼ਕੀਰ ਬਹਿਲੋਲ ਤਾਂ ਸਤਿਗੁਰ ਦੇ ਮਿੱਠੇ ਬਚਨਾਂ ਨਾਲ ਐਸਾ ਭੋਇ ਗਿਰਿਆ ਕਿ ਬਾਕੀ ਰਹਿੰਦੀ ਉਮਰ ਦੇ ਪੂਰੇ ਸੱਠ ਸਾਲ ਉਥੋਂ ਹਿਲ ਨਾ ਸਕਿਆ। ਉਸ ਫ਼ਕੀਰ ਦੇ ਇਸ ਦੁਨੀਆ ਤੋਂ ਰੁਖ਼ਸਤ ਹੋਣ ਉਪਰੰਤ ਉਸ ਦੇ ਸੇਵਕਾਂ ਨੇ ਗੁਰੂ ਜੀ ਦੀ ਮਿੱਠੀ ਯਾਦਗਾਰ ਬਣਾ ਕੇ ਫ਼ਕੀਰ ਬਹਿਲੋਲ ਦੀ ਕਬਰ ਵੀ ਨਾਲ ਹੀ ਬਣਾ ਦਿੱਤੀ, ਤਾਂ ਕਿ ਰਹਿੰਦੀ ਦੁਨੀਆ ਤਕ ਉਥੇ ਜਾਣ ਵਾਲੇ ਸ਼ਰਧਾਲੂ ਉਸ ਮਿਠਾਸ ਨੂੰ ਅਨੁਭਵ ਕਰਕੇ ਆਪਣੇ ਹਿਰਦਿਆਂ ਨੂੰ ਸ਼ਾਂਤ ਕਰ ਸਕਣ।

ਇਸ ਅਸਥਾਨ 'ਤੇ ਹੀ ਪੀਰ ਦਸਤਗੀਰ ਤੇ ਹੋਰ ਕਈ ਸੂਫ਼ੀ ਫ਼ਕੀਰਾਂ ਦੀ ਗੁਰੂ ਜੀ ਨਾਲ ਚਰਚਾ ਹੋਈ ਸੀ। ਤਿੰਨ ਮਹੀਨੇ ਗੁਰੂ ਜੀ ਬਗ਼ਦਾਦ ਵਿਚ ਰਹਿ ਕੇ ਇਥੋਂ ਦੇ ਲੋਕਾਂ ਵਿਚ ਸੱਚੇ ਧਰਮ ਦਾ ਪ੍ਰਚਾਰ ਕਰਦੇ ਰਹੇ। ਬਹੁਤ ਸਾਰੇ ਲੋਕ ਗੁਰੂ ਜੀ ਦੇ ਸ਼ਰਧਾਲੂ ਹੋ ਗਏ ਸਨ, ਜਿਨ੍ਹਾਂ ਦੇ ਖ਼ਾਨਦਾਨ ਅੱਜ ਵੀ ਬਗ਼ਦਾਦ ਸ਼ਹਿਰ ਵਿਚ ਰਹਿ ਰਹੇ ਦਸੀਦੇ ਹਨ।

ਇਹ ਥਾਂ ਕਬਰਿਸਤਾਨ ਹੋਣ ਕਰਕੇ ਕਿਸੇ ਦੀ ਨਿੱਜੀ ਜਾਇਦਾਦ ਨਹੀਂ। ਕਬਰਿਸਤਾਨ ਦੀ ਦੇਖ-ਭਾਲ ਅਤੇ ਇਥੇ ਬਣੀਆਂ ਇਮਾਰਤਾਂ ਦੀ ਮੁਰੰਮਤ ਆਦਿ ਲਈ ਸੇਵਕ ਰੱਖੇ ਹੋਏ ਹਨ, ਜਿਨ੍ਹਾਂ ਨੂੰ ਸਰਕਾਰ ਵਲੋਂ ਤਨਖ਼ਾਹ ਮਿਲਦੀ ਹੈ। ਇਮਾਰਤਾਂ ਦੀ ਮੁਰੰਮਤ ਲਈ ਵੀ ਖਰਚਾ ਸਰਕਾਰ ਵਲੋਂ ਮਿਲਦਾ ਹੈ। ਫ਼ਕੀਰ ਬਹਿਲੋਲ ਗੁਰੂ ਜੀ ਦੇ ਬਗ਼ਦਾਦ ਤੋਂ ਜਾਣ ਬਾਅਦ ਮਸਤਾਨੀ ਹਾਲਤ ਵਿਚ ਹੀ ਰਿਹਾ, ਜਿਸ ਬਾਰੇ ਉਥੇ ਕਈ ਸਾਖੀਆਂ ਪ੍ਰਚਲਤ ਹਨ। ਪੀਰ ਦਸਤਗੀਰ ਦਾ ਅਸਲੀ ਨਾਮ ਅਬਦੁੱਲ ਕਾਦਰ ਅਲਜਿਲਾਨੀ ਸੀ। ਮੁਸਲਮਾਨ ਦੁਨੀਆ ਦੀ ਮਸ਼ਹੂਰ ਹਸਤੀ ਹੋਇਆ ਹੈ।

ਇਥੇ ਸ਼ੁਕਰਵਾਰ ਨੂੰ ਦੀਵਾਨ ਲੱਗਦਾ ਹੈ। ਗੁਰਦੁਆਰੇ ਵਿਚ ਕੁਝ ਸਿੰਘ ਰਿਹਾ ਕਰਦੇ ਹਨ। ਖ਼ਾਸ ਕਰਕੇ ਵੀਰਵਾਰ ਰਾਤ ਨੂੰ ਤੇ ਕਈ ਸਿੰਘ ਸਵੇਰ ਦੇ ਦੀਵਾਨ ਦੀ ਤਿਆਰੀ ਲਈ ਉਥੇ ਹੀ ਸੌਂਦੇ ਹਨ। ਅਪ੍ਰੈਲ ੧੯੮੨ ਤਕ ਕਬਰਿਸਤਾਨ ਦੇ ਸੇਵਾਦਾਰ ਦੀ ਸਲਾਹ ਨਾਲ ਗੁਰਦੁਆਰੇ ਦੇ ਨਾਲ ਲੱਗਦੀ ਰੇਲਵੇ ਲਾਈਨ ਵਲ ਪਈ ਖ਼ਾਲੀ ਥਾਂ ਚਾਰ ਦੀਵਾਰੀ ਕਰਕੇ ਘੇਰ ਲਈ ਸੀ ਅਤੇ ਗੇਟ ਅਲੱਗ ਬਣਾ ਲਿਆ ਗਿਆ ਸੀ। ਗੁਰਦੁਆਰੇ ਦੀ ਪੱਕੀ ਸੇਵਾ ਸੰਭਾਲ ਲਈ ਉਥੋਂ ਦੀਆਂ ਸੰਗਤਾਂ ਨੇ ਸੰਬੰਧਤ ਵਜ਼ੀਰਾਂ ਨੂੰ ਮਿਲ ਕੇ ਕਾਰਵਾਈ ਕੀਤੀ ਸੀ ਤੇ ਸਰਕਾਰ ਪੰਜ ਸਿੰਘਾਂ ਨੂੰ ਉਥੇ ਰਹਿਣ ਅਤੇ ਖਰਚਾ ਦੇਣ ਲਈ ਮੰਨ ਗਈ ਸੀ, ਪਰ ਉਸ ਸਮੇਂ ਕੁਝ ਹੋਰ ਸੰਗਤਾਂ ਦੀ ਅੜੱਚਣ ਕਾਰਨ ਰੁਕਾਵਟ ਪੈ ਗਈ ਸੀ।

ਬਹੁਤਾ ਜ਼ਰੂਰੀ ਕਰਨ ਵਾਲਾ ਕੰਮ ਉਥੋਂ ਦੇ ਇਤਿਹਾਸ ਦੀ ਖੋਜ ਹੈ। ਉਥੋਂ ਦੇ ਇਤਿਹਾਸ ਬਾਰੇ ਕਈ ਵਿਦਵਾਨ ਖੋਜੀਆਂ ਨੇ ਹਵਾਲੇ ਦਿੱਤੇ ਹਨ। ਸਯਦ ਪ੍ਰਿਥੀਪਾਲ ਸਿੰਘ ਜੀ, ਜੋ ਨੌਜਵਾਨੀ ਵੇਲੇ ਮੁਸਲਮ ਜਾਮੇ ਵਿਚ ਮੱਕੇ ਸ਼ਰੀਫ ਹੱਜ ਤੇ ਗਏ ਸਨ, ਗੁਰੂ ਨਾਨਕ ਦੇਵ ਜੀ ਦਾ ਉਥੋਂ ਦਾ ਇਤਿਹਾਸ ਪੜ੍ਹ ਸੁਣ ਕੇ ਏਨੇ ਪ੍ਰਭਾਵਤ ਹੋਏ ਕਿ ਏਧਰ ਆ ਕੇ ਸਿੱਖ ਬਣ ਗਏ। ਉਹਨਾਂ ਤੋਂ ਕਥਾ ਦੌਰਾਨ ਸੁਣਿਆ ਸੀ ਕਿ ਉਹਨਾਂ ਮੱਕੇ ਦੀ ਲਾਇਬਰੇਰੀ ਵਿਚ ਇਕ ਕਿਤਾਬ (ਅਰਬੀ ਭਾਸ਼ਾ ਦੀ) ਗੁਰੂ ਨਾਨਕ ਦੇਵ ਜੀ ਬਾਰੇ ਪੜ੍ਹੀ ਸੀ, ਜੋ ਕਿ ਉਥੋਂ ਦੇ ਕਿਸੇ ਵਿਦਵਾਨ ਸ਼ਰਧਾਵਾਨ ਦੀ ਲਿਖੀ ਹੋਈ ਸੀ। ਉਨ੍ਹਾਂ ਆਪਣੀ ਕਥਾ ਵਿਚ ਇਹ ਵੀ ਦਸਿਆ ਸੀ ਕਿ ਮੱਕੇ ਅਤੇ ਮਦੀਨੇ ਆਦਿ ਸ਼ਹਿਰਾਂ ਵਿਚ ਉਹ ਗੁਰੂ ਜੀ ਦੇ ਸਥਾਨਕ ਸ਼ਰਧਾਲੂਆਂ ਨੂੰ ਵੀ ਮਿਲੇ ਸਨ। ਉਸ ਨੇ ਉਹਨਾਂ ਪਾਸ ਗੁਰੂ ਜੀ ਦੀ ਬਾਣੀ ਦਾ ਅਰਬੀ ਅੱਖਰਾਂ ਵਿਚ ਅਨੁਵਾਦ ਵੀ ਵੇਖਿਆ ਸੀ ਤੇ ਉਹ ਲੋਕ ਰਲ ਕੇ ਆਪਣੇ ਘਰਾਂ ਵਿਚ ਸਤਿਸੰਗ ਵੀ ਕਰਦੇ



www.AKJ.Org

ਸਨ। ਖੁਲ੍ਹੇਆਮ ਭਾਵੇਂ ਉਹ ਇਹ ਨਹੀਂ ਕਰ ਸਕਦੇ ਸਨ, ਕਿਉਂਕਿ ਉਥੇ ਹੋਰ ਧਰਮ ਵਰਜਤ ਸਨ। ਡਾਕਟਰ ਤਰਲੋਚਨ ਸਿੰਘ ਦੀ ਕਿਤਾਬ 'ਗੁਰੂ ਨਾਨਕ ਜੀਵਨੀ' ਜੋ ਉਹਨਾਂ ਬਹੁਤ ਖੋਜ ਤੋਂ ਬਾਅਦ ਲਿਖੀ ਹੈ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਵਲੋਂ ਗੁਰੂ ਜੀ ਦੇ ਪੰਜ ਸੌ ਸਾਲਾ ਗੁਰਪੁਰਬ ਸਮੇਂ ਛਪਾਈ ਗਈ ਸੀ, ਵਿਚੋਂ ਇਨ੍ਹਾਂ ਤਥਾਂ ਦੀ ਤਸਦੀਕ ਹੁੰਦੀ ਹੈ। ਇਸ ਕਿਤਾਬ ਵਿਚ ਕਈ ਅਰਬੀ ਭਾਸ਼ਾ ਦੇ ਦਸਤਾਵੇਜ਼ਾਂ ਦੀਆਂ ਫੋਟੋ-ਕਾਪੀਆਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਵਿਚ ਕਈ ਲਿਖਤਾਂ ਗੁਰੂ ਜੀ ਦੀਆਂ ਆਪਣੀਆਂ ਲਿਖੀਆਂ ਹੋਈਆਂ ਜਾਪਦੀਆਂ ਹਨ ਤੇ ਕਈ ਕਾਜ਼ੀ ਰੁਕਨ ਦੀਨ ਦੀਆਂ। ਸ਼ਾਇਦ ਇਹ ਕਿਸੇ ਹੱਥ-ਲਿਖਤ ਅਰਬੀ ਕਿਤਾਬ ਦੇ ਪੰਨੇ ਹਨ, ਜਿਸ ਦਾ ਜ਼ਿਕਰ ਸਯਦ ਪ੍ਰਿਥੀਪਾਲ ਸਿੰਘ ਜੀ ਕਰਿਆ ਕਰਦੇ ਸਨ।

ਕਾਜ਼ੀ ਰੁਕਨ ਦੀਨ ਮੱਕੇ ਵਿਚ ਗੁਰੂ ਜੀ ਨਾਲ ਚਰਚਾ ਤੋਂ ਬਾਅਦ ਉਹਨਾਂ ਦਾ ਸ਼ਰਧਾਲੂ ਹੋ ਗਿਆ ਸੀ ਤੇ ਉਸ ਤੋਂ ਬਾਅਦ ਗੁਰੂ ਜੀ ਦੇ ਅਰਬ ਦੇਸ਼ਾਂ ਦੇ ਸਫਰ ਵਿਚ ਉਹਨਾਂ ਦੇ ਨਾਲ ਹੀ ਰਿਹਾ ਤੇ ਨਾਲ ਨਾਲ ਸਫਰ ਦੇ ਹਾਲਾਤ ਲਿਖਦਾ ਰਿਹਾ। ਸਯਦ ਪ੍ਰਿਥੀਪਾਲ ਸਿੰਘ ਜੀ ਦੇ ਦਸਣ ਅਨੁਸਾਰ ਕਾਜ਼ੀ ਰੁਕਨ ਦੀਨ ਗੁਰੂ ਜੀ ਨੂੰ ਕਾਬਲ ਤਕ ਛੱਡ ਕੇ ਮੁੜ ਗਿਆ ਸੀ। ਡਾਕਟਰ ਤਰਲੋਚਨ ਸਿੰਘ ਜੀ ਦੀ ਖੋਜ ਅਨੁਸਾਰ ਗੁਰੂ ਜੀ ਦੇ ਨਾਲ ਹੀ ਕਰਤਾਰਪੁਰ ਤਕ ਆਇਆ ਤੇ ਇਥੇ ਕੁਝ ਚਿਰ ਸਤਸੰਗ ਦਾ ਰੰਗ ਮਾਣ ਕੇ ਵਾਪਸ ਗਿਆ ਸੀ। ਪ੍ਰੋਫੈਸਰ ਕਰਤਾਰ ਸਿੰਘ ਜੀ ਨੇ ਲਿਖਿਆ ਹੈ ਕਿ ਕਾਜ਼ੀ ਰੁਕਨ ਦੀਨ ਬਹਾਵਲਪੁਰ ਦੇ ਪੀਰਾਂ ਦਾ ਵਡੇਰਾ ਸੀ ਤੇ ਜੋ ਖੜਾਵਾਂ ਗੁਰੂ ਜੀ ਦੀਆਂ ਮੱਕੇ ਵਿਚ ਨਿਸ਼ਾਨੀ ਵਜੋਂ ਰੱਖੀਆਂ ਸਨ, ਉਹ ਕਾਜ਼ੀ ਰੁਕਨ ਦੀਨ ਆਪਣੇ ਨਾਲ ਹੀ ਲੈ ਆਇਆ ਸੀ, ਤੇ ਉਹ ਉਸ ਦੇ ਖ਼ਾਨਦਾਨ (ਉੱਚ ਦੇ ਪੀਰਾਂ) ਕੋਲ ਦਸੀਦੀਆਂ ਹਨ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਰੋਮ ਦਾ ਬਾਦਸ਼ਾਹ ਵੀ ਗੁਰੂ ਜੀ ਦਾ ਸ਼ਰਧਾਲੂ ਹੋ ਗਿਆ ਸੀ। ਉਸ ਸਮੇਂ ਇਸ ਸਾਰੇ ਇਲਾਕੇ ਵਿਚ ਉਸ ਦਾ ਰਾਜ ਸੀ। ਉਸ ਨੇ ਗੁਰੂ ਜੀ ਦੀ ਯਾਦ ਵਿਚ ਕਈ ਸ਼ਹਿਰਾਂ ਵਿਚ ਆਲੀਸ਼ਾਨ ਗੁੰਬਦਾਂ ਵਾਲੀਆਂ ਪੰਜ ਇਮਾਰਤਾਂ ਬਣਵਾਈਆਂ ਸਨ।

ਇਹਨਾਂ ਸਾਰੇ ਤੱਥਾਂ ਦੀ ਖੋਜ ਪੜਤਾਲ ਕਰ ਕੇ ਸਾਰੇ ਇਤਿਹਾਸ ਨੂੰ ਇਕ ਲੜੀ ਵਿਚ ਪਰੋਣ ਦੀ ਲੋੜ ਹੈ। ਗੁਰੂ ਜੀ ਤਿੰਨ ਸਾਲ ਦੇ ਕਰੀਬ ਇਹਨਾਂ ਦੇਸ਼ਾਂ ਵਿਚ ਵਿਚਰੇ, ਜਿਸ ਦੇ ਕਾਫ਼ੀ ਸਾਰੇ ਹਾਲਾਤ ਮਿਲ ਸਕਦੇ ਹਨ। ਕਿਸੇ ਸੰਸਥਾ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਇਨ੍ਹਾਂ ਦੇਸ਼ਾਂ ਵਿਚ ਗਏ ਵਿਦਵਾਨ ਸੱਜਣਾਂ ਨੂੰ ਵੀ ਚਾਹੀਦਾ ਹੈ ਕਿ ਜਿਥੇ ਸਮਾਂ ਮਿਲੇ, ਇਸ ਖੋਜ ਵਲ ਧਿਆਨ ਦੇਣ। ਜੇ ਮਿਲ ਕੇ ਕੋਈ ਯਤਨ ਅਰੰਭਿਆ ਜਾਏ ਤਾਂ ਕੌਮੀ ਇਤਿਹਾਸ ਦੀ ਬਹੁਤ ਵੱਡੀ ਸੇਵਾ ਹੋ ਸਕਦੀ ਹੈ। —ਅਜੀਤ, ੮-੭-੯੬

---

# ਇਖ਼ਲਾਕੀ ਸਿਆਣਪ ਤੇ ਸਹਿਜ ਸਿਆਣਪ

ਉਚੇਰੀ ਨੇਕੀ ਤੇ ਸਿਆਣਪ ਇਕ ਇਖ਼ਲਾਕੀ ਦਰਜਾ ਹੈ। ਕਈ ਸਜਣ ਸਿਆਣਪ (wisdom) ਦਾ ਭਾਵ ਅਸਲੀ ਸਿਆਣਪ ਲੈਂਦੇ ਹਨ, ਜੋ ਕੇਵਲ ਸੱਚੀ ਸਿਆਣਪ (true wisdom) ਦਾ ਭਾਵ ਹੋ ਸਕਦਾ ਹੈ। ਪਰ ਸਹਿਜ ਅਵਸਥਾ ਵਿਚ divine wisdom (ਅਗੰਮੀ ਤੇ ਰੱਬੀ ਸਮਝ) ਖੁਲ੍ਹਦੀ ਹੈ, ਜੋ ਫ਼ਿਲਾਸਫਰਾਂ ਦੀ ਬੁਧੀ (reason) ਅਤੇ ਸਿਆਣਪ (wisdom) ਤੋਂ ਵਿਲੱਖਣ ਹੈ। ਸਹਿਜ ਅਵਸਥਾ ਦਾ ਜੋ ਵਰਨਣ ਗੁਰਬਾਣੀ ਦੇ ਏਸ ਪ੍ਰਮਾਣ ਵਿਚ ਹੈ—

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥......
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥

ਰਾਮਕਲੀ ਮ: ੩ ਅਨੰਦੁ, ਪੰਨਾ ੯੧੯

ਉਸ ਨਾਲ ਦਿਮਾਗੀ ਬੁਧੀ ਤੇ ਵਿਚਾਰ ਦਾ ਕੀ ਵਾਸਤਾ !

—ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਰਮਜ਼ਾਂ' (ਗੁਰਮਤਿ ਲੇਖ) ਵਿਚੋਂ



www.AKJ.Org

# ਪਹਿਲਾ ਘਲੂਘਾਰਾ (੧)

[ ਕੈਪਟਿਨ ਸਵਰਨ ਸਿੰਘ ਜੀ ]

ਜ਼ਕਰੀਆ ਖ਼ਾਨ ੧੭੨੬ ਤੋਂ ਲੈ ਕੇ ਜੁਲਾਈ ੧੭੪੫ ਤਕ ਲਾਹੌਰ ਸੂਬੇ ਦਾ ਗਵਰਨਰ ਰਿਹਾ। ਇਹ ੧੯ ਸਾਲ ਸਿਖਾਂ ਉਤੇ ਜ਼ੁਲਮ, ਜਬਰ, ਮੌਤ ਤੇ ਬਰਬਾਦੀ ਦੀ ਅਨ੍ਹੇਰੀ ਝੁਲਦੀ ਰਹੀ। ਸਿਖਾਂ ਦਾ ਦੁਨੀਆ ਚੋਂ ਨਾਮੋ ਨਿਸ਼ਾਨ ਮਿਟਾਅ ਦੇਣ ਲਈ ਉਸ ਨੇ ਹਰ ਹੀਲਾ ਉਪਰਾਲਾ, ਮਕਾਰੀ, ਫ਼ਰੇਬ, ਫੁਟ-ਪਾਊ ਨੀਤੀ ਨੂੰ ਵਰਤਿਆ, ਪਰ ਉਹ ਸਿਖਾਂ ਨੂੰ, ਜਿਵੇਂ ਕਿ ਉਹ ਚਾਹੁੰਦਾ ਸੀ ਤੇ ਜਿਵੇਂ ਕਰਨ ਲਈ ਮੁਸਲਮਾਨ ਧਾਰਮਿਕ ਆਗੂ ਉਸ ਨੂੰ ਉਕਸਾਹਟ ਤੇ ਹਲਾ-ਸ਼ੇਰੀ ਲਗਾਤਾਰ ਦੇਈ ਜਾਂਦੇ ਸਨ, ਇਸ ਦੁਨੀਆ ਦੇ ਤਖ਼ਤੇ ਤੋਂ ਮਲੀਆਮੇਟ ਨਾ ਕਰ ਸਕਿਆ। ਉਹ ਮਾਰਦਾ ਨਾ ਥਕਿਆ ਤੇ ਸਿਖ ਜ਼ਿੰਦਗੀ ਤੋਂ ਬੇਪਰਵਾਹ ਹੋ ਕੇ ਜਾਨਾਂ ਵਾਰਦੇ ਨਾ ਥਕੇ। ਸ਼ਾਇਦ ਕੁਦਰਤ ਨੂੰ ਵੀ ਇਹੋ ਹੀ ਮਨਜ਼ੂਰ ਸੀ। ਸਿਖ ਇਸ ਅਤੀ ਕਰੜੀ ਅਜ਼ਮਾਇਸ਼ ਵਿਚੋਂ ਅਕਾਲ ਪੁਰਖ ਤੇ ਭਰੋਸਾ ਤੇ ਆਪਣੇ ਹੱਠ, ਸਬਰ ਤੇ ਉਦਮ ਸਦਕਾ ਪੂਰੀ ਤਰ੍ਹਾਂ ਸੁਰਖ਼ਰਈ ਨਾਲ ਕਾਮਯਾਬ ਹੋਏ। ਜ਼ੁਲਮ ਦੀ ਕੁਠਾਲੀ ਵਿਚ ਤਪ ਤਪ ਕੇ, ਉਹ ਸੜ ਕੇ ਸਵਾਹ ਹੋ ਜਾਣ ਦੀ ਥਾਂ, ਕੁੰਦਨ ਬਣਦੇ ਗਏ।

੧੭੪੪ ਦੇ ਅੰਤਲੇ ਮਹੀਨਿਆਂ ਵਿਚ ਜ਼ਕਰੀਆ ਖ਼ਾਨ ਦੀ ਸਿੰਘਾਂ ਵਿਰੁਧ ਕੀਤੀ ਜਾ ਰਹੀ ਸਖ਼ਤੀ ਵਿਚ ਕੁਝ ਫ਼ਰਕ ਆ ਗਿਆ। ਸੰਭਵ ਹੈ ਉਹ ਇਸ ਨਰਮੀ ਨੂੰ ਇਕ ਹਥਿਆਰ ਵਜੋਂ ਵਰਤ ਰਿਹਾ ਸੀ ਕਿ ਸਿੰਘ ਟਾਕਰੇ ਦਾ ਰਾਹ ਛੱਡ ਕੇ ਜੰਗਲਾਂ ਝਲਾਂ ਵਿਚੋਂ ਵਾਪਸ ਆ ਕੇ ਵਾਹੀ ਜੋਤੀ ਵਿਚ ਲੱਗ ਜਾਣ ਤੇ ਇੰਜ ਅਮਨ ਹੀ ਹੋ ਜਾਵੇ। ਅਸਲੀਅਤ ਇਹ ਹੈ ਕਿ ਨਾਦਰ ਸ਼ਾਹ ਦੇ ਹਮਲੇ ਨੇ ਮੁਗ਼ਲ ਰਾਜ ਨੂੰ ਅਸਲੋਂ ਖੋਖਲਾ ਕਰ ਦਿਤਾ ਸੀ। ਨਾਦਰਸ਼ਾਹ ਨੇ ਦਿਲੀ ਨੂੰ ਲੁੱਟਪੁੱਟ ਕੇ ਤਬਾਹ ਕਰ ਦਿਤਾ ਤੇ ਮੁੜਦਾ ਹੋਇਆ ਪੰਜਾਬ ਵਿਚ ਵੀ ਝਾੜੂ ਫੇਰ ਗਿਆ।

ਸਿਖਾਂ ਵਿਰੁਧ ਨਿਤ ਦੀਆਂ ਮੁਹਿੰਮਾਂ ਨੇ ਖ਼ਜ਼ਾਨਾ ਖ਼ਾਲੀ ਕਰ ਛਡਿਆ ਸੀ। ਇਸ ਦੀ ਨਰਮੀ ਤੇ ਢਿਲ ਦਾ ਕਾਰਨ ਕਾਫ਼ੀ ਹਦ ਤਕ ਉਸ ਦੀ ਬੇਬਸੀ, ਤੇ ਸਭ ਤੋਂ ਵਧ ਉਸ ਦੇ ਤਜਰਬੇ ਰਾਹੀਂ ਉਸ ਦੇ ਸਾਮ੍ਹਣੇ ਆਇਆ ਇਹ ਤੱਥ ਸੀ, ਕਿ ਹਰ ਮਾਰ ਤੋਂ ਬਾਅਦ ਸਿਖ ਬਲਵਾਨ ਹੋ ਕੇ ਉਭਰਦੇ ਹਨ।

ਸੋ ਜ਼ਕਰੀਆ ਖ਼ਾਨ ਦੀ ਸਿੰਘਾਂ ਵਿਰੁਧ ਤਅੱਦੀ ਵਿਚ ਢਿਲ ਦਾ ਅਸਰ ਲਾਜ਼ਮੀ ਸੀ। ਸਿੰਘ ਮਾਝੇ ਦਿਆਂ ਪਿੰਡਾਂ ਵਿਚ ਖੁਲ੍ਹੇ ਤੌਰ ਤੇ ਵਿਖਾਲੀ ਦੇਣ ਲੱਗੇ। ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਤੇ ਪਾਬੰਦੀ ਵਜੋਂ ਲਾਇਆ ਪਹਿਰਾ ਵੀ ਹਟਾ ਲਿਆ ਗਿਆ। ਹੁਣ ਸਿੰਘ ਇਥੇ ਵੀ ਬੇਰੋਕ-ਟੋਕ ਆਉਣ ਜਾਣ ਲਗ ਪਏ ਸਨ। ਸਿੰਘਾਂ ਦੀ ਸ਼ਕਤੀ ਵਿਚ ਦਿਨ-ਬ-ਦਿਨ ਵਾਧਾ ਹੋ ਰਿਹਾ ਸੀ। ਰਾਵੀ ਤੇ ਬਿਆਸ ਦਰਿਆਵਾਂ ਦੇ ਝਲ ਸਿੰਘਾਂ ਨਾਲ ਭਰੇ ਪਏ ਸਨ। ਇਨ੍ਹਾਂ ਵਿਚੋਂ ਨਿਕਲ ਕੇ ਉਹ ਕਿਤੇ ਕਿਤੇ ਲਾਹੌਰ ਦੀਆਂ ਕੰਧਾਂ ਤੀਕ ਪੰਜਾ ਮਾਰ ਕੇ ਖੋਹਾ ਖੋਹੀ ਕਰ ਲਿਆਉਂਦੇ।

**ਜ਼ਕਰੀਆ ਖ਼ਾਨ ਦੀ ਮੌਤ :—**

ਸਿੰਘਾਂ ਨੂੰ ਵੱਸ ਕਰਦਾ ਕਰਦਾ ਹੀ ਜ਼ਕਰੀਆ ਖ਼ਾਨ ੨ ਸਾਵਣ ਸੰਮਤ ੧੮੦੨ ਬਿਕਰਮੀ (ਮੁਤਾਬਕ ੧ ਜੁਲਾਈ ੧੭੪੫ ਈ:) ਨੂੰ ਆਪ ਕਾਲ-ਵੱਸ ਹੋ ਗਿਆ। ਜ਼ਕਰੀਆ ਖ਼ਾਨ ਇਕ ਤਕੜਾ ਹਾਕਿਮ ਸੀ ਤੇ ਪੰਜਾਬ ਵਿਚ ਅਮਨ-ਅਮਾਨ ਕਾਇਮ ਰਖਣ ਲਈ ਉਸ ਨੇ ਸਿਰਤੋੜ ਕੋਸ਼ਿਸ਼ਾਂ ਜਾਰੀ ਰਖੀਆਂ। ਪਰ ਉਸ ਦੇ ਮਰਨ ਨਾਲ ਰਾਮ ਰੌਲਾ ਮੱਚ ਗਿਆ। ਇਹ ਜ਼ਰੂਰੀ ਸੀ ਕਿ ਪੰਜਾਬ ਵਿਚ ਸਥਿਤੀ ਨੂੰ ਕਾਬੂ ਹੇਠ ਰਖਣ ਲਈ ਕੋਈ ਮਜ਼ਬੂਤ ਹਾਕਿਮ ਥਾਪਿਆ ਜਾਵੇ। ਸੋ ਜ਼ਕਰੀਆ ਖ਼ਾਨ ਦੀ ਮੌਤ ਪਿਛੋਂ ਵੱਡੀ ਅਫਰਾ ਤਫਰੀ ਫੁਟ ਖਲੋਣ ਦੀ ਸੰਭਾਵਨਾ ਨੂੰ ਘਟਾਉਣ ਲਈ ਦਿਲੀ ਦਰਬਾਰ ਦੇ ਵਜ਼ੀਰ ਕਮਰੁੱਦੀਨ ਖ਼ਾਂ ਨੇ ਤੁਰੰਤ ਆਪਣੇ ਭਰਾ ਅਬਦੁੱਲਾ ਨੂੰ ਕਾਇਮ ਮੁਕਾਮ ਗਵਰਨਰ ਬਣਾ ਦਿਤਾ ਤੇ ਮੋਮਨ ਖ਼ਾਨ, ਜੋ ਜ਼ਕਰੀਆ ਖ਼ਾਨ ਦਾ ਨਾਇਬ ਸੀ, ਨੂੰ ਉਸ ਦਾ ਨਾਇਬ ਬਣਾ ਦਿਤਾ। ਅਬਦੁੱਲਾ ਖ਼ਾਨ, ਜਿਸ ਦਾ ਖ਼ਿਤਾਬ ਖ਼ਾਨਿ ਜਾਹ ਸੀ, ਕੋਈ ਨਿੱਗਰ ਆਦਮੀ ਤੇ ਚੰਗਾ ਸ਼ਾਸਿਕ ਨਹੀਂ ਸੀ। ਇਹ ਬੜਾ



www.AKJ.Org

ਲਾਲਚੀ ਤੇ ਭੁਖੀ ਨੀਅਤ ਦਾ ਆਦਮੀ ਸੀ। ਇਸ ਨੇ ਇਸ ਥੋੜੇ ਜਿਹੇ ਸਮੇਂ ਦੀ ਹਕੂਮਤ ਨੂੰ ਰੱਬੀ ਦਾਤ ਸਮਝ ਕੇ ਰਿਆਇਆ ਦੀ ਖ਼ੂਬ ਲੁਟ ਕੀਤੀ ਤੇ ਇਸ ਵਿਚ ਮੁਸਲਮਾਨਾਂ ਨੂੰ ਵੀ ਨਾ ਬਖਸ਼ਿਆ। ਹਿੰਦੂ ਸਿਖਾਂ ਪਾਸੋਂ ਤਾਂ ਪੈਸਾ ਪੈਸਾ ਤਕ ਹਥਿਆ ਲਿਆ। ਰਿਆਇਆ ਤ੍ਰਾਹ ਤ੍ਰਾਹ ਕਰ ਉਠੀ। ਲੋਕ ਆਤਰ ਹੋ ਕੇ ਕੁਰਲਾ ਉਠੇ, "ਹਕੂਮਤ ਨਵਾਬ ਅਬਦੁੱਲਾ। ਨਾ ਚੱਕੀ ਰਹੀ ਨਾ ਚੁਲ੍ਹਾ।"[1] ਘਰਾਂ ਵਿਚ ਭੰਗ ਭੁਜਣ ਲੱਗੀ, ਥੁੜ ਤੇ ਭੁਖਮਰੀ ਦਾ ਨੰਗਾ ਨਾਚ ਹੋਣ ਲੱਗਾ। ਲੋਕਾਂ ਦੀ ਕੁਰਲਾਹਟ ਤੇ ਕੂਕਾਂ ਦਿਲੀ ਦਰਬਾਰ ਵਿਚ ਸੁਣਾਈ ਦੇਣ ਲੱਗੀਆਂ।

## ਲਾਹੌਰ ਦੀ ਨਿਜ਼ਾਮਤ ਲਈ ਜ਼ਕਰੀਆ ਖਾਨ ਦੇ ਪੁਤਰਾਂ ਵਿਚ ਝਗੜਾ—

ਜ਼ਕਰੀਆ ਖਾਨ ਦੇ ਪੁਤਾਂ ਯਾਹੀਆ ਖ਼ਾਨ ਤੇ ਸ਼ਾਹ ਨਿਵਾਜ਼ ਖ਼ਾਨ ਵਿਚ ਆਪਣੇ ਬਾਪ ਦੀ ਜਾਇਦਾਦ ਤੇ ਪਦਵੀ ਲੈਣ ਲਈ ਝਗੜਾ ਉਠ ਖਲੋਤਾ।[2] ਇਹ ਦੋਵੇਂ ਦਿਲੀ ਦੇ ਵਜ਼ੀਰ ਕਮਰੁੱਦੀਨ ਖ਼ਾਨ ਦੇ ਭਣੇਵੇਂ ਲਗਦੇ ਸਨ। ਕਮਰੁੱਦੀਨ ਖ਼ਾਨ ਦੀ ਲੜਕੀ ਯਾਹੀਆ ਖ਼ਾਨ ਨਾਲ ਵਿਆਹੀ ਹੋਈ ਸੀ ਤੇ ਇਸ ਸਾਕੋਂ ਉਹ ਵਜ਼ੀਰ ਦਾ ਜਵਾਈ ਵੀ ਸੀ। ਇਸ ਵਾਸਤੇ ਕਮਰੁੱਦੀਨ ਖ਼ਾਨ ਯਾਹੀਆ ਖ਼ਾਨ ਦੀ ਮਦਦ ਵਧੇਰੇ ਕਰਦਾ ਸੀ। ਵਜ਼ੀਰ ਨੇ ਬਾਦਸ਼ਾਹ ਮੁਹੰਮਦ ਸ਼ਾਹ ਨੂੰ ਇਹ ਗੱਲ ਕਹੀ ਕਿ ਸ਼ਾਹਨਿਵਾਜ਼ ਨੂੰ ਮੁਲਤਾਨ ਤੇ ਯਾਹੀਆ ਖ਼ਾਨ ਨੂੰ ਲਾਹੌਰ ਦਾ ਸੂਬੇਦਾਰ ਪੱਕਾ ਕਰ ਦਿਤਾ ਜਾਵੇ। ਬਾਦਸ਼ਾਹ ਨੂੰ ਇਹ ਸਲਾਹ ਪਸੰਦ ਨਹੀਂ ਸੀ, ਕਿਉਂਕਿ ਉਹ ਨਹੀਂ ਸੀ ਚਾਹੁੰਦਾ ਕਿ ਇਹ ਤੁਰਾਨੀ ਖ਼ਾਨਦਾਨ ਪੰਜਾਬ ਦੇ ਰਾਜ ਪਰਬੰਧ ਨੂੰ ਜੱਦੀ ਪੁਸ਼ਤੀ ਬਣਾ ਕੇ ਏਨਾ ਤਾਕਤਵਰ ਹੋ ਜਾਵੇ ਕਿ ਬਾਅਦ ਵਿਚ ਪੰਜਾਬ ਦਾ ਖ਼ੁਦ-ਮੁਖ਼ਤਾਰ ਮਾਲਿਕ ਬਣ ਜਾਵੇ। ਬਾਦਸ਼ਾਹ ਨੇ ਇਨ੍ਹਾਂ ਭਰਾਵਾਂ ਨੂੰ ਨਵਾਬੀਆਂ ਪੱਕੀਆਂ ਕਰਨ ਤੋਂ ਸਾਫ਼ ਇਨਕਾਰ ਕਰ ਦਿਤਾ। ਕਮਰੁੱਦੀਨ ਖ਼ਾਨ ਆਪਣੀ ਧੁਨ ਦਾ ਪੱਕਾ ਸੀ। ਉਸ ਨੇ ਚੁਪ-ਚੁਪੀਤੇ ਯਾਹੀਆ ਖ਼ਾਨ, ਜੋ ਇਨੀਂ ਦਿਨੀਂ ਦਿਲੀ ਵਿਚ ਹੀ ਸੀ, ਨੂੰ ਲਾਹੌਰ ਵਲ ਇਹ ਕਹਿ ਕੇ ਤੋਰ ਦਿਤਾ ਕਿ ਉਹ ਜਾ ਕੇ ਲਾਹੌਰ ਦੀ ਨਜ਼ਾਮਤ ਤੇ ਕਬਜ਼ਾ ਕਰ ਲਵੇ, ਇਸ ਸੰਬੰਧ ਵਿਚ ਖ਼ਿਲਅਤ ਤੇ ਸ਼ਾਹੀ ਫ਼ੁਰਮਾਨ ਲੈ ਕੇ ਉਹ ਉਸ ਨੂੰ ਲਾਹੌਰ ਪਹੁੰਚਾ ਦੇਵੇਗਾ। ਉਸ ਨੇ ਲਾਹੌਰ ਪਹੁੰਚ ਕੇ ਲਾਹੌਰ ਉਤੇ ਕਬਜ਼ਾ ਕਰ ਲਿਆ ਤੇ ਸੂਬੇਦਾਰੀ ਦੀ ਵਾਗ-ਡੋਰ ਸੰਭਾਲ ਲਈ, ਭਾਵੇਂ ਕਿ ਇਸ ਲਈ ਉਸ ਪਾਸ ਕੋਈ ਸ਼ਾਹੀ ਫ਼ਰਮਾਨ ਨਹੀਂ ਸੀ। ਉਸ ਨੇ ਬਾਪ ਦੀ ਸਾਰੀ ਜਾਇਦਾਦ ਉਤੇ ਕਬਜ਼ਾ ਕਰ ਲਿਆ। ਸ਼ਾਹ ਨਿਵਾਜ਼ ਨੂੰ ਜਦ ਇਸ ਗੱਲ ਦਾ ਪਤਾ ਲਗਾ ਤਾਂ ਉਹ ਇਕ ਤਕੜੀ ਫੌਜ ਲੈ ਕੇ ਲਾਹੌਰ ਉਤੇ ਆ ਚੜ੍ਹਿਆ ਤੇ ਸ਼ਾਲਾਮਾਰ ਬਾਗ ਲਾਗੇ ਖੁਲ੍ਹੇ ਥਾਂ ਵਿਚ ਤੰਬੂ ਲਾ ਦਿਤੇ। ਲੜਾਈ ਹੋਣੋਂ ਮਸਾਂ ਟਲੀ। ਦੀਵਾਨ ਸੂਰਤ ਸਿੰਘ ਦੀ ਵਿਚੋਲਗੀ ਰਾਹੀਂ ਖ਼ਾਨ ਬਹਾਦਰ ਦੀ ਨਕਦ ਪੂੰਜੀ ਵਿਚੋਂ ਉਸ ਨੂੰ ਕੁਝ ਨਕਦ ਤੇ ਹੀਰੇ ਜ਼ੇਵਰ ਆਦਿ ਦੇ ਕੇ ਤੋਰ ਦਿਤਾ। ਨਾਲ ਹੀ ਉਸ ਨੇ ਦੁਆਬੇ ਦੀ ਫ਼ੌਜਦਾਰੀ ਦੇ ਹੱਕ ਛਡ ਦਿਤੇ ਤੇ ਉਹ ਵਾਪਸ ਮੁਲਤਾਨ ਨੂੰ ਮੁੜ ਗਿਆ।

ਕਮਰੁੱਦੀਨ ਖ਼ਾਨ ਆਪਣੀ ਤਜਵੀਜ਼ ਮਨਾਉਣ ਲਈ ਬਾਦਸ਼ਾਹ ਦੇ ਪਿਛੇ ਪਿਆ ਰਿਹਾ ਤੇ ਅੰਤ ਨੂੰ ਇਸ ਗੱਲ ਤੇ ਰਾਜ਼ੀ ਕਰ ਲਿਆ ਕਿ ਕਮਰੁੱਦੀਨ ਖ਼ਾਨ ਨੂੰ ਹੀ ਪੰਜਾਬ ਦੀ ਸੂਬੇਦਾਰੀ ਦੇ ਦਿਤੀ ਜਾਵੇ। ਬਾਦਸ਼ਾਹ ਨੇ ਇਸ ਗੱਲ ਨੂੰ ਪਰਵਾਨ ਕਰ ਲਿਆ। ਇਹ ਫ਼ੈਸਲਾ ੩ ਜਨਵਰੀ ੧੭੪੬ ਨੂੰ ਹੋਇਆ। ਏਸ ਤਰ੍ਹਾਂ ਲਾਹੌਰ ਛੇ ਮਹੀਨੇ ਤਕ ਬਿਨਾਂ ਸੂਬੇਦਾਰ ਦੇ ਹੀ ਰਿਹਾ। ਵਜ਼ੀਰ ਨੇ ਯਾਹੀਆ ਖ਼ਾਨ ਨੂੰ ਆਪਣਾ ਨਾਇਬ ਬਣਾ ਲਿਆ ਤੇ ਇਸ ਜੁਗਤੀ ਨਾਲ ਆਪਣੀ ਵਿਉਂਤ ਨਾਲ ਕਾਮਯਾਬ ਹੋ ਗਿਆ।

ਸ਼ਾਹ ਨਿਵਾਜ਼ ਖ਼ਾਨ ਨੂੰ ਫ਼ਲੌਰੀ ਖ਼ਾਨ ਵੀ ਕਿਹਾ ਜਾਂਦਾ ਸੀ। ਇਹ ਨਾਦਰ ਸ਼ਾਹ ਦੇ ਹਲੇ ਵੇਲੇ ਲਾਹੌਰੋਂ ਦਿਲੀ ਨੂੰ ਉਸ ਦੇ ਨਾਲ ਹੀ ਗਿਆ ਸੀ। ਨਾਦਰ ਸ਼ਾਹ ਨੇ ਦਿਲੀਉਂ ਮੁੜਨ ਲੱਗਿਆਂ ਇਸ ਫ਼ਲੌਰੀ ਖ਼ਾਨ ਨੂੰ ਵਾਪਸ ਪੰਜਾਬ ਜ਼ਕਰੀਆ ਖ਼ਾਨ ਪਾਸ ਇਹ ਹੁਕਮ ਦੇ ਕੇ ਭੇਜਿਆ ਕਿ ਉਸਦੇ ਪਹੁੰਚਣ ਤਕ ਇਕ ਕਰੋੜ ਰੁਪਇਆ ਤਿਆਰ ਰਖਿਆ ਜਾਵੇ। ਨਾਦਰਸ਼ਾਹ ਪੰਜਾਬੋਂ ਵਾਪਸ ਜਾਂਦਾ ਇਸ ਨੂੰ ਲਾੜਕਾਣੇ ਤੱਕ ਨਾਲ ਲੈ ਗਿਆ, ਜਿਥੇ ਇਸ ਨੂੰ ਸ਼ਾਹ ਨਿਵਾਜ਼ ਦਾ ਖ਼ਿਤਾਬ ਦੇ ਕੇ ਮੁਲਤਾਨ ਦਾ ਗਵਰਨਰ ਥਾਪ ਦਿਤਾ ਤੇ ਵਾਪਸ ਮੁੜਨ ਦੀ ਆਗਿਆ



www.AKJ.Org

ਦਿਤੀ ਗਈ।[3]

**ਸਿੰਘਾਂ ਨੂੰ ਮੌਕਿਆ :–**

ਯਾਹੀਆ ਖ਼ਾਨ ਤੇ ਸ਼ਾਹ ਨਿਵਾਜ਼ ਵਿਚ ਪਿਓ ਦੀ ਜਾਇਦਾਦ ਦੀ ਵੰਡ ਬਦਲੇ ੬ ਕੁ ਮਹੀਨੇ ਝਗੜਾ ਚਲਦਾ ਰਿਹਾ ਸੀ। ਮੁਲਕ ਦੀ ਕੋਈ ਵਾਤ ਨਹੀਂ ਸੀ ਪੁਛਦਾ, ਹਾਕਿਮਾਂ ਨੂੰ ਆਪਣੀ ਆਪਣੀ ਪਈ ਹੋਈ ਸੀ। ਇਹ ਛੇ ਮਹੀਨੇ ਹੀ ਸਿੰਘਾਂ ਲਈ ਗ਼ਨੀਮਤ ਸਨ। ਕਾਫ਼ੀ ਗਿਣਤੀ ਵਿਚ ਸਿੰਘ ਮਾਝੇ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਨਿਕੇ ਨਿਕੇ ਗੁੋਹ ਬਣਾ ਕੇ ਸਾਰੇ ਦੇਸ ਵਿਚ ਖਿਲਰ ਕੇ ਲੱਗੇ ਮਾਰਾਂ ਮਾਰਨ। ਵੈਰੀਆਂ ਦੇ ਘਰ ਪਈ ਦਾ ਸਿੰਘਾਂ ਬਹੁਤ ਲਾਭ ਉਠਾਇਆ ਤੇ ਲੁਟ-ਮਾਰ ਕਰ ਕੇ ਚੰਗੇ ਮਾਲਾ ਮਾਲ ਹੋ ਗਏ। ਹਥਿਆਰਾਂ ਤੇ ਘੋੜਿਆਂ ਦੀ ਘਾਟ ਸਭ ਪੂਰੀ ਕਰ ਲਈ।

ਇਸ ਗੜਬੜ ਕਾਰਨ ਸਾਰਾ ਦੇਸ ਤਬਾਹ ਹੋ ਗਿਆ। ਰਹਿੰਦੀ ਖੂੰਹਦੀ ਕਸਰ ਸਰਕਾਰੀ ਕਰਮਚਾਰੀਆਂ ਨੇ ਲਗਾਨ ਦੀ ਵਸੂਲੀ ਵੇਲੇ ਕਢ ਦਿਤੀ ਤੇ ਲੋਕਾਂ ਦਾ ਸਾਹ ਸਤ ਅਸਲੋਂ ਹੀ ਖਿਚਿਆ ਗਿਆ। ਉਨ੍ਹਾਂ ਪਾਸ ਨਾ ਖਾਣ ਨੂੰ ਰਿਹਾ ਤੇ ਨਾ ਪਹਿਨਣ ਨੂੰ।

**ਨਵੇਂ ਸਿੰਘ ਸਜੇ :–**

ਮਾਝੇ ਦਿਆਂ ਜੱਟਾਂ ਵਾਸਤੇ ਦੋ ਹੀ ਰਾਹ ਰਹਿ ਗਏ ਸਨ ਕਿ ਜਾਂ ਤਾਂ ਸਰਕਾਰੀ ਮਾਮਲਾ ਪੂਰਾ ਕਰਨ ਲਈ ਦਿਨ ਰਾਤ ਖਪਾ ਕਰਨ ਤੇ ਭੁਖੇ ਮਰਨ ਜਾਂ ਸਰਕਾਰ ਦੇ ਬਾਗ਼ੀਆਂ ਨਾਲ ਰਲ ਕੇ ਲੁਟ-ਮਾਰ ਕਰਕੇ ਛਕਣ ਛਕਾਉਣ ਤੇ ਦਿਨ ਰਾਤ ਖੇਤਾਂ ਵਿਚ ਟੁਟ ਟੁਟ ਮਰਨ ਤੋਂ ਮੁਕਤੀ ਪਾਉਣ, ਕਿਉਂਕਿ ਉਨ੍ਹਾਂ ਦੀਆਂ ਅੱਖਾਂ ਸਾਮ੍ਹਣੇ ਇਹ ਗੱਲ ਦਿਨ ਦੇ ਪ੍ਰਕਾਸ਼ ਵਾਂਗ ਸੀ ਕਿ ਸਰਕਾਰ ਦੇ ਬਾਗ਼ੀ ਸਿੰਘ ਉਨ੍ਹਾਂ ਨਾਲੋਂ ਕਿਤੇ ਸੁਖੀ ਹਨ ਤੇ ਸਰਕਾਰ ਨੂੰ ਵੀ ਟਿੱਚ ਸਮਝਦੇ ਹਨ। ਸੋ ਉਨ੍ਹਾਂ ਮਗਰਲਾ ਰਾਹ ਹੀ ਚੁਣਿਆ। ਰਾਤ ਨੂੰ ਜਦ ਘਰਾਂ, ਸਥਾਂ, ਖੁੰਡਾਂ, ਤਖ਼ਤ-ਪੋਸ਼ਾਂ ਤੇ ਧੂੰਇਆਂ ਦੁਆਲੇ ਬੈਠ ਕੇ ਸਿੰਘਾਂ ਦਿਆਂ ਧਾੜਿਆਂ, ਫ਼ੌਜ ਨਾਲ ਲੜਾਈਆਂ ਵਿਚ ਉਨ੍ਹਾਂ ਦਿਆਂ ਕਾਰਨਾਮਿਆਂ ਦਾ ਜ਼ਿਕਰ ਹੁੰਦਾ ਤੇ ਗਭਰੂ ਸੁਣਦੇ ਤਾਂ ਉਨ੍ਹਾਂ ਦਾ ਖ਼ੂਨ ਉਬਾਲੇ ਖਾਣ ਲਗਦਾ ਤੇ ਡੌਲੇ ਫਰਕਣ ਲੱਗ ਪੈਂਦੇ। ਜਵਾਨੀ ਵਿਚ ਨਸਣ ਭਜਣ, ਲੜਨ ਭਿੜਨ ਤੇ ਖਹਿਣ ਦਾ ਬੜਾ ਚਾਅ ਹੁੰਦਾ ਹੈ। ਇਸ ਵਾਸਤੇ ਜਵਾਨਾਂ ਨੂੰ ਜਾਨ ਜੋਖਮ ਵਾਲੇ ਕਾਰਨਾਮੇ ਤੇ ਇਹੋ ਜਿਹੀਆਂ ਸੂਰਮਗਤੀ ਦੀਆਂ ਸਾਖੀਆਂ ਹੀ ਪਸੰਦ ਆਉਂਦੀਆਂ ਹਨ। ਮਨਚਲੇ ਗਭਰੂਆਂ ਦਾ ਇਹ ਸੋਚਣਾ ਸੁਭਾਵਿਕ ਸੀ ਕਿ ਗ਼ਰੀਬੀ,ਥੁੜ,ਬੇਪਤੀ ਤੇ ਮੁਗ਼ਲੀਆ ਰਾਜ ਦੀ ਜ਼ੁਲਮੀ ਚੱਕੀ ਵਿਚ ਪੀਸੇ ਜਾਣ ਨਾਲੋਂ ਸਿੰਘਾਂ ਨਾਲ ਰਲ ਕੇ ਸਰਕਾਰ ਨਾਲ ਮੱਥਾ ਡਾਹ ਕੇ ਉਸ ਦੀ ਸਫ ਵਲ੍ਹੇਟੀ ਜਾਵੇ ਜਾਂ ਸ਼ਹੀਦੀ ਪ੍ਰਾਪਤ ਕੀਤੀ ਜਾਵੇ। ਐਵੇਂ ਰੁਲ ਰੁਲ ਤੇ ਸਹਿ ਸਹਿ ਕਰਕੇ ਜੀਊਣਾ ਵੀ ਕੋਈ ਜੀਊਣਾ ਹੈ? ਇਹ ਫੁਰਨਾ ਅਨੇਕਾਂ ਦੇ ਸੀਨੇ ਗਰਮਾ ਗਿਆ। ਸਿੰਘਾਂ ਨਾਲ ਮਿਲਣ ਲਈ ਕੋਈ ਬਹੁਤੀਆਂ ਕਰੜੀਆਂ ਸ਼ਰਤਾਂ ਤਾਂ ਹੈ ਨਹੀਂ ਸਨ। ਤਕੜਾ ਸਰੀਰ, ਘੋੜਾ, ਹਥਿਆਰ ਤੇ ਲੜਨ ਭਿੜਨ ਦੀ ਰੀਝ ਹੀ ਵੱਡੀ ਸਿਫਾਰਸ਼ ਸੀ, ਜਿਸ ਨਾਲ ਕਿਸੇ ਵੀ ਜਥੇ ਵਿਚ ਕੋਈ ਗਭਰੂ ਰਲ ਸਕਦਾ ਸੀ। ਜੁਸ਼ੀਲੇ ਤੇ ਮਨਚਲੇ ਗਭਰੂ, ਜੇ ਹੋਵੇ ਤਾਂ ਘਰ ਦੀ ਘੋੜੀ ਭਜਾ ਕੇ ਜਾਂ ਘਰੋਂ ਗਹਿਣਾ ਗਟਾ ਕਢ ਵੇਚ ਕੇ ਚੰਗਾ ਘੋੜਾ, ਬੰਦੂਕ, ਤਲਲਾਰ ਖ਼ਰੀਦ ਕੇ ਸਿਖਾਂ ਦੇ ਜਥੇ ਵਿਚ ਜਾ ਰਲਦੇ ਤੇ ਅੰਮ੍ਰਿਤ ਛਕ ਕੇ ਸਿੰਘ ਸਜ ਜਾਂਦੇ।[8] ਇਸ ਤਰ੍ਹਾਂ ਪੰਜਾਬ ਵਿਚ ਸਿੰਘਾਂ ਦੇ ਕਈ ਜਥੇ ਬਣ ਗਏ।

**ਜਥਿਆਂ ਵਿਚ ਕੋਈ ਤਨਖ਼ਾਹ ਨਹੀਂ ਸੀ ਮਿਲਦੀ–**

ਸਿੰਘਾਂ ਸਰਦਾਰਾਂ ਦੇ ਜਥਿਆਂ ਵਿਚ ਸ਼ਾਮਲ ਸਿਪਾਹੀਆਂ ਨੂੰ ਕੋਈ ਬਝਵੀਂ ਤਨਖ਼ਾਹ ਨਹੀਂ ਸੀ ਮਿਲਦੀ। ਉਹਨਾਂ ਨੂੰ ਲੁਟ ਮਾਰ ਦੇ ਮਾਲ ਵਿਚੋਂ ਬਰਾਬਰ ਦਾ ਹਿੱਸਾ ਮਿਲਦਾ ਸੀ। ਜਦ ਕਈ ਜਥੇ ਮਿਲ ਕੇ ਕੋਈ ਵੱਡਾ ਸ਼ਿਕਾਰ ਮਾਰਦੇ ਤਾਂ ਹਰ ਇਕ ਸਰਦਾਰ ਨੂੰ ਉਸ ਦੇ ਸਵਾਰਾਂ ਦੀ ਗਿਣਤੀ ਅਨੁਸਾਰ ਹਿੱਸਾ ਮਿਲਦਾ, ਜੋ ਅਗੇ



www.AKJ.Org

ਆਪਣੇ ਸਵਾਰਾਂ ਵਿਚ ਇਕੋ ਜਿਹਾ ਵੰਡ ਦੇਂਦਾ। ਕਿਸੇ ਵੀ ਜਥੇ ਵਿਚ ਕਿਸੇ ਕਿਸਮ ਦੀ ਊਚ ਨੀਚ ਜਾਂ ਭੇਦ-ਭਾਵ ਨਹੀਂ ਸੀ। ਹਰ ਇਕ ਦਾ ਮਾਣ ਸਤਿਕਾਰ ਇਕੋ ਜਿਹਾ ਸੀ। ਜਥੇਬੰਦੀ ਨੂੰ ਪੱਕਿਆਂ ਰੱਖਣ ਲਈ ਹਰ ਇਕ ਸਿੰਘ ਆਪਣੇ ਆਪਣੇ ਸਰਦਾਰ ਦੇ ਹੁਕਮ ਵਿਚ ਚਲਦਾ ਸੀ। ਪਰ ਸਮਾਜਿਕ ਤੇ ਧਾਰਮਿਕ ਪਖੋਂ ਹਰ ਸਿਖ ਦਾ ਹੱਕ ਤੇ ਦਰਜਾ ਇਕੋ ਜਿਹਾ ਹੁੰਦਾ ਹੈ।

## ਗ੍ਰੋਹਾਂ ਦੀ ਪੱਕੇ ਤੌਰ ਤੇ ਛੋਟੇ ਛੋਟੇ ਜਥਿਆਂ ਵਿਚ ਵੰਡ—

ਇਹ ਜਿਹੜਾ ਥੋੜਾ ਜਿਹਾ ਸਮਾਂ ਸਿੰਘਾਂ ਨੂੰ ਮਿਲਿਆ, ਇਸ ਵਿਚ ਉਹਨਾਂ ਦੀ ਗਿਣਤੀ ਕਾਫੀ ਵਧ ਗਈ ਸੀ। ਹੁਣ ਲੋੜ ਇਸ ਗੱਲ ਦੀ ਸੀ ਕਿ ਇਹਨਾਂ ਨੂੰ ਪੱਕੀ ਜਥੇਬੰਦੀ ਦਾ ਰੂਪ ਦਿਤਾ ਜਾਵੇ। ਸਿਆਣੇ ਆਗੂਆਂ ਨੇ ਇਹ ਲੋੜ ਅਨੁਭਵ ਕੀਤੀ ਕਿ ਇਸ ਖਿਲਰੀ ਹੋਈ ਤਾਕਤ ਨੂੰ ਜਥੇਬੰਦ ਕਰ ਕੇ ਹੋਰ ਮਜ਼ਬੂਤ ਕੀਤਾ ਜਾਵੇ। ਇਸ ਲਈ ਖਾਲਸੇ ਦੇ ਛੋਟੇ ਛੋਟੇ ਜਥੇ ਬਣਾ ਦਿਤੇ ਜਾਣ, ਜੋ ਦੁਸ਼ਮਣ ਉਤੇ ਹਮਲੇ ਤੇ ਲੁਟ-ਮਾਰ ਵੇਲੇ ਆਪਣੇ ਆਪਣੇ ਸਰਦਾਰ ਦੀ ਕਮਾਨ ਵਿਚ ਸੁਤੰਤਰ ਹੋਣ, ਪਰ ਸਾਂਝੀ ਭੀੜ ਬਣੀ ਤੇ ਸਾਰੇ ਜਥੇ ਪੰਥ ਦੀ ਇਕ ਜਥੇਬੰਦੀ ਵਿਚ ਦੁਸ਼ਮਣ ਨਾਲ ਲੋਹਾ ਲੈਣ। ੧੪ ਅਕਤੂਬਰ ੧੭੪੫ ਨੂੰ ਦੀਵਾਲੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬੜਾ ਭਾਰੀ ਇਕੱਠ ਹੋਇਆ ਤੇ ਇਸ ਕਿਸਮ ਦੇ ਜਥੇ ਬਣਾਏ ਗਏ, ਜਿਨ੍ਹਾਂ ਦੀ ਸਮੁਚੀ ਸਾਂਝੀ ਫੌਜ ਦਾ ਨਾਂ 'ਦਲ ਖਾਲਸਾ' ਰਖਿਆ ਗਿਆ। ਇਸ ਵੇਲੇ ਸਥਾਪਤ ਹੋਏ ਜਥਿਆਂ ਦੇ ਹੇਠ ਲਿਖੇ ਮੁਖ ਸਰਦਾਰ ਸਨ :

(੧) ਨਵਾਬ ਕਪੂਰ ਸਿੰਘ ਫੈਜ਼ੁਲਾ ਪੁਰੀਆ (ਸਿੰਘਪੁਰੀਆ)। (੨) ਸ਼ਾਮ ਸਿੰਘ ਪਿੰਡ ਨਾਰੋਕੇ ਜ਼ਿਲਾ ਸਿਆਲਕੋਟ। (੩) ਗੁਰਬਖਸ਼ ਸਿੰਘ ਕਲਸੀਆ। (੪) ਕਰੋੜਾ ਸਿੰਘ ਪੈਜਗੜ੍ਹ। (੫) ਕਰਮ ਸਿੰਘ ਪੈਜਗੜ੍ਹ। (੬) ਗੁਰਦਿਆਲ ਸਿੰਘ ਡਲੇਵਾਲ। (੭) ਦਿਆਲ ਸਿੰਘ ਡਲੇਵਾਲ। (੮) ਨੌਧ ਸਿੰਘ ਸ਼ੁੱਕਰਚੱਕੀਆ। (੯) ਚੰਦਾ ਸਿੰਘ ਸ਼ੁੱਕਰਚੱਕੀਆ। (੧੦) ਕਾਲਾ ਸਿੰਘ ਪਿੰਡ ਕੰਗ। (੧੧) ਖਿਆਲਾ ਸਿੰਘ ਪਿੰਡ ਕੰਗ। (੧੨) ਬਾਘ ਸਿੰਘ ਹੱਲੋਵਾਲ। (੧੩) ਜੱਸਾ ਸਿੰਘ ਪਿੰਡ ਆਹਲੂ। (੧੪) ਹਰੀ ਸਿੰਘ ਪਿੰਡ ਪੰਜਵੜ। (੧੫) ਛੱਜਾ ਸਿੰਘ ਪਿੰਡ ਪੰਜਵੜ। (੧੬) ਦੀਪ ਸਿੰਘ 'ਸ਼ਹੀਦ'। (੧੭) ਭੋਮਾ ਸਿੰਘ ਕਨ੍ਹਈਆ। (੧੮) ਸੁਧਾ ਸਿੰਘ 'ਸ਼ਹੀਦ'। (੧੯) ਸੁਖਾ ਸਿੰਘ ਮਾੜੀ ਕੰਬੋ ਕੀ। (੨੦) ਜੱਸਾ ਸਿੰਘ ਰਾਮਗੜ੍ਹੀਆ। (੨੧) ਜੈ ਸਿੰਘ ਕਨ੍ਹਈਆ। (੨੨) ਹਕੀਕਤ ਸਿੰਘ ਕਨ੍ਹਈਆ। (੨੩) ਹੀਰਾ ਸਿੰਘ ਨਕਈ। (੨੪) ਸਦਾ ਸਿੰਘ ਨਕਈ। (੨੫) ਕਰਮ ਸਿੰਘ ਸ੍ਰੀ ਅੰਮ੍ਰਿਤਸਰ। (੨੬) ਧਰਮ ਸਿੰਘ ਸ੍ਰੀ ਅੰਮ੍ਰਿਤਸਰ। (੨੭) ਜਿਊਣ ਸਿੰਘ ਮਜ਼੍ਹਬੀ। (੨੮) ਬਚਨ ਸਿੰਘ ਮਜ਼੍ਹਬੀ। (੨੯) ਬੀਰ ਸਿੰਘ ਮਜ਼੍ਹਬੀ। (੩੦) ਅਘੜ ਸਿੰਘ ਮਜ਼੍ਹਬੀ।[੫]

ਇਨ੍ਹਾਂ ਜਥਿਆਂ ਦੇ ਸਰਦਾਰ ਕਿਸੇ ਬਾਹਰਲੀ ਜਾਂ ਓਪਰੀ ਤਾਕਤ ਵਲੋਂ ਨਹੀਂ ਸਨ ਥਾਪੇ ਗਏ। ਇਹ ਸਿੰਘ ਆਪਣੀਆਂ ਨਿਜੀ ਖ਼ੂਬੀਆਂ ਕਰਕੇ, ਆਪਣੇ ਜੰਗੀ ਜੌਹਰਾਂ ਤੇ ਦੇਸ਼ ਧਰਮ ਤੇ ਅਣਖ ਤੋਂ ਆਪਣੇ ਆਪ ਨੂੰ ਵਾਰਨ ਲਈ ਸਦਾ ਤਿਆਰ ਰਹਿਣ ਦੇ ਗੁਣਾਂ ਕਰਕੇ ਸਰਦਾਰੀ ਲਈ ਪ੍ਰਵਾਨ ਕੀਤੇ ਜਾਂਦੇ ਸਨ। ਜਦ ਕੋਈ ਜਥਾ ਬਹੁਤਾ ਭਾਰਾ ਹੋ ਜਾਂਦਾ ਤਾਂ ਜਥੇਦਾਰ ਦੀ ਆਗਿਆ ਨਾਲ ਸਿਰਕੱਢ ਸੂਰਮੇ ਆਪਣੇ ਜਥੇ ਵਖਰੇ ਥਾਪ ਲੈਂਦੇ। ਮੁਗ਼ਲ ਸਰਕਾਰ ਵਿਰੁਧ ਸਾਰਾ ਢੰਗ ਗੁਰੀਲਾ ਵਾਰਫ਼ੇਅਰ ਵਾਲਾ ਸੀ। ਨਿਸ਼ਾਨਾ ਇਹ ਸੀ ਕਿ ਆਪਣਾ ਘਟ ਤੋਂ ਘਟ ਨੁਕਸਾਨ ਕਰਵਾ ਕੇ, ਦੁਸ਼ਮਣ ਦਾ ਛਾਪੇ ਮਾਰ ਮਾਰ ਵਧ ਤੋਂ ਵਧ ਨੁਕਸਾਨ ਕੀਤਾ ਜਾਵੇ। ਉਸ ਨੂੰ ਟਿਕਣ ਨਾ ਦਿਤਾ ਜਾਵੇ। ਨਾਲ ਨਾਲ ਆਪਣੀ ਤਾਕਤ ਵਧਾਈ ਜਾਵੇ ਤੇ ਮੁਗ਼ਲ ਰਾਜ ਦੀ ਜੜ੍ਹ ਦੇਸ ਵਿਚੋਂ ਪੁਟ ਦਿਤੀ ਜਾਵੇ।

## ਮੁਖਬਰਾਂ ਤੇ ਸਰਕਾਰੀ ਇਮਦਾਦੀਆਂ ਦੀ ਸੁਧਾਈ—

ਦੁਸ਼ਮਣਾਂ ਦੇ ਘਰ ਪਈ ਸਿੰਘਾਂ ਲਈ ਗ਼ਨੀਮਤ ਸੀ। ਉਹਨਾਂ ਆਪਣੀ ਤਾਕਤ ਵਧਾਈ ਤੇ ਫਿਰ ਉਹਨਾਂ ਮੁਖਬਰਾਂ ਤੇ ਸਰਕਾਰੀ ਸਹਾਇਕਾਂ ਦੀ ਖ਼ਬਰ ਲੈਣ ਦਾ ਮਤਾ ਪਾਸ ਕੀਤਾ। ਨੁਸ਼ਹਿਰੇ ਤੇ ਮਜੀਠੇ ਉਤੇ ਹਲਾ ਕਰ ਕੇ



www.AKJ.Org

ਇਹ ਪਿੰਡ ਲੁਟ ਲਏ । ਨੁਸ਼ਹਿਰੇ ਵਾਲੇ ਸਾਹਿਬ ਰਾਏ, ਰਾਮਾ ਰੰਧਾਵਾ, ਕਰਮਾ ਛੀਨਾ ਕਤਲ ਕੀਤੇ । ਹਰਭਗਤ ਨਿਰੰਜਨੀਆ ਤਾਂ ਬਚ ਕੇ ਨਿਕਲ ਗਿਆ, ਪਰ ਜੰਡਿਆਲਾ ਲੁਟਿਆ ਗਿਆ । ਕਾਜ਼ੀ ਫਜ਼ਲ ਅਹਿਮਦ ਖਾਨ,ਸ਼ਮਸ਼ੇਰ ਖਾਨ ਖੋਖਰ ਆਦਿ ਤੇ ਹੋਰ ਕਈ ਛੋਟੇ ਮੋਟੇ ਚੋਧਰੀ ਮੁਖਬਰ ਤੇ ਮੁਕੱਦਮ ਤਲਵਾਰ ਦੇ ਘਾਟ ਉਤਾਰੇ ਗਏ, ਜਿਨ੍ਹਾਂ ਨੇ ਸਤਕਾਰ ਵਲ ਹੋ ਕੇ, ਸਿੰਘਾਂ ਨੂੰ ਫੜਵਾ ਕੇ, ਕਤਲ ਕਰਾਇਆ ਸੀ, ਜਾਂ ਉਨ੍ਹਾਂ ਦੇ ਘਰ ਬਾਰ ਉਜਾੜੇ ਸਨ । ਬਟਾਲਾ, ਜਲੰਧਰ, ਤਲਵਨ, ਬਿਜਵਾੜਾ, ਢਾਗ ਮੰਜਕੀ ਅਤੇ ਫਗਵਾੜਾ ਲੁਟ ਪੁਟ ਕੇ ਬਰਬਾਦ ਕਰ ਦਿਤੇ ।[੬]

**ਯਾਹੀਆ ਖਾਨ–**

ਯਾਹੀਆ ਖਾਨ ਨੂੰ ਆਪਣੇ ਮਾਮੇ ਤੇ ਸਹੁਰੇ ਕਮਰੁੱਦੀਨ ਖਾਨ ਵਜ਼ੀਰ ਦਿਲੀ ਦੇ ਵਸੀਲੇ ਨਾਲ ਲਾਹੌਰ ਦੀ ਸੂਬੇਦਾਰੀ ਮਿਲ ਗਈ । ਜਿਵੇਂ ਕਿ ਨਵੇਂ ਹਾਕਿਮ ਨੂੰ ਆਪਣੇ ਇਲਾਕੇ ਦੇ ਪਰਬੰਧ ਦਾ ਬੜਾ ਚਾਅ ਹੁੰਦਾ ਹੈ, ਆਪਣੇ ਸਰਕਾਰੀ ਕਾਰ ਵਿਹਾਰ ਵਿਚ ਬੜੀ ਦਿਲਚਸਪੀ ਲੈਣ ਲਗਾ ਤੇ ਸਿੰਘਾਂ ਮਗਰ ਕੁਝ ਵਧੇਰੇ ਹੀ ਗਹੁ ਨਾਲ ਹੱਥ ਧੋ ਕੇ ਪੈ ਗਿਆ । ਉਹ ਆਪਣੀ ਰਿਆਇਆ, ਮੁਫਤੀਆਂ, ਕਾਜ਼ੀਆਂ ਤੇ ਮੁਲਾਣਿਆਂ ਨੂੰ ਇਹ ਸਾਬਤ ਕਰਨਾ ਚਾਹੁੰਦਾ ਸੀ ਕਿ ਉਹ ਕਿਸੇ ਪਖੋਂ ਵੀ ਆਪਣੇ ਬਾਪ ਨਾਲੋਂ ਘਟ ਨਹੀਂ, ਖਾਸ ਕਰ ਸਿਖਾਂ ਦੇ ਸੰਬੰਧ ਵਿਚ ਤਾਂ ਉਹ ਆਪਣੇ ਬਾਪ ਨਾਲੋਂ ਵੀ ਸਖ਼ਤ ਹੈ । ਇਸ ਤਰ੍ਹਾਂ ਕਰਕੇ ਉਹ ਦਿਲੀ ਦਰਬਾਰ ਦਾ ਭਰੋਸਾ ਤੇ ਉਸ ਤੋਂ ਵਡਿਆਈ ਪ੍ਰਾਪਤ ਕਰਨਾ ਚਾਹੁੰਦਾ ਸੀ । ਉਸ ਨੇ ਸਿਖਾਂ ਉਤੇ ਨਵੇਂ ਸਿਰਿਉਂ ਬਹੁਤ ਜ਼ਿਆਦਾ ਸਖਤੀ ਸ਼ੁਰੂ ਕਰ ਦਿਤੀ । ਯਾਹੀਆ ਖਾਨ ਨੇ ਆਪਣੇ ਬਾਪ ਵਾਲੀ ਗਸ਼ਤੀ ਫੌਜਾਂ ਨਾਲ ਹੋਰ ਫੌਜ ਮਿਲਾ ਕੇ ਸਿੰਘਾਂ ਮਗਰ ਚਾੜ੍ਹ ਦਿਤੀਆਂ । ਸਿੰਘ ਵਡਿਆਂ ਹਥਿਆਰਾਂ ਤੋਂ ਬਿਨਾਂ ਜੰਮ ਕੇ ਨਹੀਂ ਸਨ ਲੜ ਸਕਦੇ, ਉਹਨਾਂ ਦਾ ਤਾਂ ਢਾਈ ਫਟਾਂ ਵਾਲਾ ਲੜਨ-ਢੰਗ ਹੀ ਕਾਮਯਾਬ ਸੀ । ਯਾਹੀਆ ਖਾਨ ਦੀਆਂ ਫੌਜਾਂ ਦਾ ਬਲ ਪੈ ਗਿਆ ਤੇ ਸਿੰਘ ਇਕ ਵਾਰ ਫਿਰ ਘਰ ਘਾਟ ਛਡ ਕੇ ਦਰਿਆਵਾਂ ਦੀਆਂ ਝਲਾਂ ਤੇ ਜੰਗਲਾਂ ਬੇਲਿਆਂ ਤੇ ਖਡਾਂ ਵਿਚ ਜਾ ਵੜੇ । ਜੋ ਫੜੇ ਜਾਂਦੇ, ਉਹ ਲਾਹੌਰ ਲਿਆ ਕੇ ਨਖਾਸ ਵਾਲੀ ਥਾਂ ਭਿਆਨਕ ਤਸੀਹੇ ਦੇ ਕੇ ਕਤਲ ਕੀਤੇ ਜਾਂਦੇ । ਇਸ ਵੇਲੇ ਸਿੰਘਾਂ ਉਤੇ ਜੋ ਵਾਪਰ ਰਹੀ ਸੀ, ਉਸ ਦਾ ਜ਼ਿਕਰ ਗਨੇਸ਼ ਦਾਸ ਵਡਹਿਰੇ ਨੇ ਆਪਣੇ ਰਸਾਲਾ ਸਾਹਿਬਨੁਮਾ ਚਾਰ ਬਾਗ ਪੰਜਾਬ ਵਿਚ ਇਸ ਤਰ੍ਹਾਂ ਕੀਤਾ ਹੈ :–

"ਵ ਫ਼ੌਜਿ ਸਲਾਤੀਨ ਬਰ ਸਰਿ ਸ਼ਾਂ ਤੁਰਕ ਤਾਜ਼ ਦਾਸ਼ਤ ਵ ਹਰ ਰੋਜ਼ ਅਜ਼ (ਦਸਤਿ) ਲਸ਼ਕਰਿ ਅਸਲਾਮ ਬਹ ਕਤਲ ਮੇ ਰਸੀਦੰਦ । ਵ ਹਰ ਸੁਬਾਹ ਸਪਾਹਿ ਸਰਕਾਰ ਬਰਾਏ ਸ਼ਿਕਾਰ ਸਵਾਰ ਸ਼ੁਦਾ ਮਰਦਮਿ ਖਾਲਸਾ ਰਾ ਅਜ਼ ਜੰਗਲੋ ਸਹਿਰਾ ਬਹ ਤਰੀਕਿ ਸੈਦ ਗ੍ਰਿਫ਼ਤਾਰ ਕਰਦਾ ਮੇ ਆਵੁਰਦੰਦ । ਵ ਬਹ ਅਜ਼ਾਬਿ ਅਲੀਮ ਮੇ ਕੁਸ਼ਤੰਦ । ਚੁਨਾਂਚਿ ਅਜ਼ ਕੁਸ਼ਤਾ ਪੁਸ਼ਤਾ ਮੇ ਸ਼ੁਦੰਦ । ਵ ਅਜ਼ ਸਰਹਾਏ ਬਰੀਦਾ ਮਿਨਾਰ ਦਰ ਲਾਹੌਰ ਵਗ਼ੈਰਾ ਬਰ ਪਾ ਮੇ ਕਰਦੰਦ । ਵ ਆਂ ਮਿਨਾਰ ਰਾ ਬਜ਼ਬਾਨ ਖਾਲਸਾ ਸ਼ਹੀਦ ਗੰਜ ਮੇ ਗੋਇੰਦ । ਹਰ ਸੁਬਹਿ ਨੌ, ਹਰ ਨੌਅ ਵ ਤਸਦੀਇ ਨੌ ਮੇ ਯਾਫ਼ਤੰਦ । ਅੱਮਾ ਅਜ਼ ਦਸਤ ਦਰਾਜ਼ੀ ਵ ਖ਼ੁਦ ਸਰੀ ਪਹਿਲੂ ਤਹੀ ਨਮੇ ਕਰਦੰਦ । ਵ ਦਾਅਵਾਇ ਰਿਆਸਤ ਮੇ ਦਾਸ਼ਤੰਦ । ਦੀਵਾਨ ਜਸਪਤ ਰਾਏ ਬ੍ਰਾਦਰਿ ਦੀਵਾਨ ਲਖਪਤ ਰਾਏ ਪੇਸ਼ਕਾਰ ਨਵਾਬ ਜ਼ਕਰੀਆ ਖਾਨ ਰੋਜ਼ਾਂ ਵਾ ਸ਼ਬਾਂ ਦੰਬਾਲਿ ਈ ਫਿਰਕਾਇ ਖ਼ੁਦਸਰ ਤਕਾਮੋਸ਼ੀ ਮੇ ਦਾਸ਼ਤ । ਬਸਿਆਰੇ ਰਾ ਅਸੀਰ ਵ ਦਸਤਗੀਰ ਵ ਤਕਤੀਲ ਵ ਤਜ਼ਲੀਲ ਮੇ ਕਰਦ...... ।"

ਅਰਥਾਤ–"ਤੇ ਬਾਦਸ਼ਾਹੀ ਫੌਜ ਉਹਨਾਂ (ਸਿੰਘਾਂ) ਉਤੇ ਚੜ੍ਹਾਈ ਕਰਦੀ ਤੇ ਉਹ ਹਰ ਰੋਜ਼ ਅਸਲਾਮੀ ਸੈਨਕਾਂ ਹਥੋਂ ਕਤਲ ਹੁੰਦੇ । ਹਰ ਰੋਜ਼ ਸਵੇਰੇ ਸਰਕਾਰੀ ਫੌਜ ਸਿੰਘਾਂ ਦਾ ਸ਼ਿਕਾਰ ਕਰਨ ਲਈ ਸਵਾਰ ਹੋ ਕੇ ਸਿੰਘਾਂ ਨੂੰ ਜੰਗਲਾਂ ਝਲਾਂ ਤੇ ਬੀਆਬਾਨਾਂ ਵਿਚੋਂ ਸ਼ਿਕਾਰ ਵਾਂਗ ਫੜ ਕੇ ਲਿਆਉਂਦੀ ਤੇ ਉਹ ਬਹੁਤ ਬੁਰੇ ਤਸੀਹੇ ਦੇ ਦੇ ਕੇ ਮਾਰੇ ਜਾਂਦੇ, ਚੁਨਾਂਚਿ ਉਹਨਾਂ ਦੀਆਂ ਲੋਥਾਂ ਦੇ ਢੇਰ ਲੱਗ ਜਾਂਦੇ ਤੇ ਉਹਨਾਂ ਦੇ ਕਟੇ



www.AKJ.Org

ਹੋਏ ਸਿਰਾਂ ਨਾਲ ਲਾਹੌਰ ਆਦਿ ਵਿਖੇ ਮਿਨਾਰ ਉਸਾਰੇ ਜਾਂਦੇ। ਇਹਨਾਂ ਮਿਨਾਰਿਆਂ ਨੂੰ ਸਿੰਘਾਂ ਦਿਆਂ ਬੋਲਿਆਂ ਵਿਚ ਸ਼ਹੀਦ ਗੰਜ ਕਹਿੰਦੇ ਹਨ। ਹਰ ਸਵੇਰੇ ਨਿਤ ਨਵੇਂ ਤੋਂ ਨਵੇਂ ਤਸੀਹੇ ਝਲਦੇ, ਪਰ ਆਪਣੇ ਸਿਰੜ ਤੇ ਹੱਠ ਤੋਂ ਨਾ ਹਟਦੇ ਤੇ "ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ" ਦੇ ਅਵਾਜ਼ੇ ਤੋਂ ਬਾਜ਼ ਨਾ ਆਉਂਦੇ (ਇਸ "ਰਾਜ ਕਰਗਾ ਖਾਲਸਾ" ਦੇ ਦਾਅਵੇ ਨੂੰ ਉਚੀ ਉਚੀ ਗਜਾਉਂਦੇ।) ਨਵਾਬ ਜ਼ਕਰੀਆ ਖਾਨ ਦੇ ਪੇਸ਼ਕਾਰ ਦੀਵਾਨ ਲਖਪਤ ਰਾਏ ਦਾ ਭਰਾ ਦੀਵਾਨ ਜਸਪਤ ਰਾਏ ਦਿਨ ਰਾਤ ਇਕ ਕਰਕੇ ਇਸ ਹਠੀਲੇ (ਸਿੰਘਾਂ ਦੇ) 'ਫ਼ਰਕੇ ਮਗਰ ਲੱਗਾ ਹੋਇਆ ਸੀ ਤੇ ਬਹੁਤ ਸਾਰਿਆਂ ਨੂੰ ਫੜਕੇ ਬੰਦੀ ਬਣਾ ਕੇ ਬੇਪਤੀ ਕਰ ਕਰ ਕੇ ਕਤਲ ਕਰੀ ਜਾਂਦਾ ਸੀ।"

ਸਿੰਘਾਂ ਦੇ ਸਿਰ ਤੇ ਬਹੁਤ ਕਰੜਾ ਸਮਾਂ ਆਇਆ ਹੋਇਆ ਸੀ। ਪਰ ਉਹ ਵੀ ਹਠ ਦੇ ਪੱਕੇ ਆਪਣੀ ਵਿਧੀ ਨਾਲ ਮੁਗ਼ਲ ਫ਼ੌਜਾਂ ਨਾਲ ਲੋਹਾ ਲੈ ਰਹੇ ਸਨ।

ਸਿੰਘਾਂ ਦਾ ਇਕ ਤਕੜਾ ਜਥਾ, ਜਿਸ ਦਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸੀ, ਗੋਇੰਦਵਾਲ ਦੇ ਪਤਣੋਂ ਦਰਿਆ ਬਿਆਸ ਟੱਪ ਕੇ ਮਾਝੇ ਵਿਚ ਦੀ ਉਗਰਾਂਹੀ ਕਰਦਾ ਹੋਇਆ ਲਾਹੌਰੋਂ ਥਲੇ ਦਰਿਆ ਰਾਵੀ ਦੀ ਝਲ ਵਿਚ ਜਾ ਵੜਿਆ।

**ਲਾਹੌਰ ਦਾ ਬਾਜ਼ਾਰ ਲੁਟਿਆ ਗਿਆ :-**

ਇਸ ਜਥੇ ਦਾ ਇਕ ਤਕੜਾ ਹਿਸਾ ਆਗਿਆ ਲੈ ਕੇ ਮੁਗਲ ਫੌਜੀਆਂ ਦਾ ਭੇਸ ਬਦਲ ਕੇ ਜਨਵਰੀ ਦੀ ਇਕ ਸ਼ਾਮ ਨੂੰ ਮੋਚੀ ਗੇਟ ਥਾਣੀਂ ਲੰਘ ਕੇ ਲਾਹੌਰ ਦੇ ਬਾਜ਼ਾਰ ਵਿਚ ਜਾ ਵੜਿਆ। ਇਸ ਦਿਨ ਠੰਡ ਬਹੁਤ ਸੀ ਤੇ ਲੋਕ ਅੰਦਰੀਂ ਵੜੇ ਹੋਏ ਸਨ। ਬਾਜ਼ਾਰ ਖ਼ਾਲੀ ਖ਼ਾਲੀ ਪਿਆ ਸੀ, ਦੁਕਾਨਾਂ ਵਿਚ ਦੀਵੇ ਬਲ ਰਹੇ ਸਨ, ਜਿਨ੍ਹਾਂ ਦੀ ਮਧਮ ਰੌਸ਼ਨੀ ਵਿਚ ਕੋਈ ਉਨ੍ਹਾਂ ਨੂੰ ਪਹਿਚਾਨ ਨਾ ਸਕਿਆ ਤੇ ਨਾ ਹੀ ਕਿਸੇ ਨੂੰ ਖ਼ਬਰ ਹੋਈ ਕਿ ਸਿੰਘ ਕਿਸ ਵੇਲੇ ਬਾਜ਼ਾਰ ਵਿਚ ਆਣ ਵੜੇ ਸਨ। ਬਾਜ਼ਾਰ ਦੀ ਸਭ ਪਾਸਿਓਂ ਨਾਕਾਬੰਦੀ ਕਰ ਲਈ। ਕਈ ਦੁਕਾਨਦਾਰ ਮਾਰੇ ਗਏ। ਲਖਾਂ ਰੁਪਏ ਨਕਦ, ਗਹਿਣੇ, ਕਪੜੇ ਤੇ ਹੋਰ ਲੋੜੀਦੀਆਂ ਵਸਤਾਂ ਲੁਟ-ਪੁਟ ਘੋੜਿਆਂ ਉਤੇ ਲੱਦ ਕੇ ਲੈ ਗਏ। ਪਰ ਜਾਣ ਤੋਂ ਪਹਿਲਾਂ ਕਈ ਮੁਫਤੀ ਤੇ ਕਾਜ਼ੀ, ਜਿਨ੍ਹਾਂ ਜਿਨ੍ਹਾਂ ਸਿੰਘਾਂ ਵਿਰੁਧ ਫਤਵੇ ਦੇ ਦੇ ਕੇ ਉਹਨਾਂ ਨੂੰ ਮਰਵਾਇਆ ਸੀ, ਤਲਵਾਰ ਦੇ ਘਾਟ ਲੰਘਾ ਦਿਤੇ।[2] ਫ਼ੌਜ ਨੂੰ ਖ਼ਬਰ ਹੋਣ ਤੋਂ ਪਹਿਲਾਂ ਹੀ ਸਿੰਘ ਰਾਵੀ ਦੀ ਝਲ ਵਿਚ ਜਾ ਵੜੇ। ਫੌਜ ਉਠ ਕੇ ਮਗਰ ਪਈ ਤਾਂ ਸਹੀ, ਪਰ ਉਸ ਦੇ ਸਵਾਰਾਂ ਲਈ ਝਲ ਵਿਚ ਵੜਨਾ ਬੜਾ ਕਠਨ ਸੀ। ਉਹਨਾਂ ਦੀਆਂ ਵੱਡੀਆਂ ਵੱਡੀਆਂ ਸਲਵਾਰਾਂ ਸੁਥਣਾਂ, ਦਭ, ਕਾਹੀ, ਪਿਲਛੀ ਤੇ ਹੋਰ ਕੰਡਿਆਲੇ ਝਾੜ-ਬੂਟਾਂ ਨਾਲ ਫਸ ਫਸ ਜਾਂਦੀਆਂ ਤੇ ਉਹਨਾਂ ਨੂੰ ਅਗੇ ਨਾ ਤੁਰਨ ਦੇਂਦੀਆਂ। ਉਹਨਾਂ ਦੇ ਘੋੜੇ ਦਲਦਲ ਵਿਚ ਵੜਨੋਂ ਵੀ ਝਿਜਕਦੇ। ਸਿੰਘਾਂ ਲਈ ਇਹ ਥਾਵਾਂ ਹੰਢੀਆਂ ਪਰਖੀਆਂ ਸੀ, ਜਿਨ੍ਹਾਂ ਦੇ ਭੇਤੀ ਹੋਣ ਕਰਕੇ ਉਹ ਹੱਥ ਨਾ ਆਉਂਦੇ। (ਚਲਦਾ)

## ਹਵਾਲੇ ਤੇ ਫੁਟ-ਨੋਟ


(੧) ਤਹਿਕੀਕਾਤਿ-ਚਿਸ਼ਤੀ, ਸਫਾ ੬੪੮ ਸ੍ਰੀ ਹਰੀ ਰਾਮ ਗੁਪਤਾ-ਹਿਸਟਰੀ ਆਫ਼ ਦੀ ਸਿਖਸ।।, ਸਫ਼ਾ ੬੮

(੨) ਜ਼ਕਰੀਆ ਖਾਨ ਦੇ ਤਿੰਨ ਪੁਤਰ ਸਨ, ਵੱਡਾ ਯਹੀਆ ਖਾਨ, ਵਿਚਲਾ ਹਿਯਾਤੁਲਾ ਖਾਨ (ਖ਼ਿਤਾਬ ਸ਼ਾਹ ਨਿਵਾਜ਼ਖਾਨ ਹਿਜ਼ਬਰ ਜੰਗ), ਛੋਟਾ ਮੀਰ ਬਾਕੀ। ਪਹਿਲੇ ਦੋਵੇਂ ਹੀ ਭਾਵ ਵੱਡਾ ਤੇ ਵਿਚਲਾ, ਇਤਿਹਾਸ ਵਿਚ ਪ੍ਰਸਿਧ ਹੋਏ ਹਨ। ਤੀਜੇ ਦਾ ਇਤਿਹਾਸ ਵਿਚ ਕੋਈ ਯੋਗ ਦਾਨ ਨਹੀਂ ਹੈ,ਸੋ ਇਹ ਗੁੰਮਨਾਮ ਹੀ ਰਿਹਾ। ਇਸ਼ ਤੁਰਾਨੀ ਖ਼ਾਨਦਾਨ ਦਾ ਸਜਰਾ ਨਸਬ ਇਸ ਪ੍ਰਕਾਰ ਹੈ :

**ਚਿੱਟ ਨੰਬਰ ਜ਼ਰੂਰੀ**—ਬੇਨਤੀ ਹੈ ਕਿ ਚਿੱਠੀ ਪੱਤਰ ਜਾਂ ਰਕਮ ਭੇਜੋ ਤਾਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ। ਚਿੱਟ ਨੰਬਰ ਲਿਖੇ ਹੋਣ ਨਾਲ ਅਮਲ ਛੇਤੀ ਹੁੰਦਾ ਹੈ।



www.AKJ.Org




(੩) ਜ਼ਕਰੀਆ ਖਾਨ ਦਾ ਬਾਪ ਅਬਦੁੱਸਮਦ ਖਾਨ ਦਲੇਰ ਜੰਗ ੧੭੨੬ ਤੋਂ ਲੈ ਕੇ ੧੭੩੭ (੧੧੫੦ ਸੰਨ ਹਿਜਰੀ, ਜਦ ਉਸ ਦੀ ਮੌਤ ਹੋਈ) ਵਿਚ ਆਪਣੀ ਮੌਤ ਤਕ ਮੁਲਤਾਨ ਦਾ ਗਵਰਨਰ ਰਿਹਾ । ਉਸ ਦੇ ਮਰਨ ਤੇ ਮੁਲਤਾਨ ਦੀ ਨਜ਼ਾਮਤ ਵੀ ਲਾਹੌਰ ਦੀ ਨਜ਼ਾਮਤ ਦੇ ਨਾਲ ਉਸ ਦੇ ਹੀ ਸਪੁਰਦ ਹੋ ਗਈ। ਹਵਾਲੇ ਲਈ ਵੇਖੋ ਮੁਆਸਰੁਲ ਉਮਰਾ ਭਾਗ II, ਸਫਾ ੫੧੪-੧੭, ਮਿਸਟਰ ਬੀਲ, ਡਿਕਸ਼ਨਰੀ ਆਫ਼ ਓਰੀਐਂਟਲ ਬਾਇਉਗਰਾਫ਼ੀ ਸਫ ੧੪, ਬੀਲਿ, ਮਿਫ਼ਤਾਹੁਤ ਤਵਾਰੀਖ਼—੩੧੬, ਤਜ਼ਕਰਾਇ-ਅਨੰਦਰਾਮ ਮੁਖ਼ਲਸ, ਸਫਾ ੧੦੫-੩੧ ਡਾ: ਗੰਡਾ ਸਿੰਘ—ਅਹਿਮਦ ਸ਼ਾਹ ਦੁਰਾਨੀ, ਸਫਾ ੪੦ (ਫੁਟ ਨੋਟ)

(੪) ਡਾ: ਹਰੀ ਰਾਮ ਗੁਪਤਾ—ਹਿਸਟਰੀ ਆਫ਼ ਦੀ ਸਿਖਸ ਭਾਗ II, ਸਫਾ ੭੦-੭੧
ਬੂਟੇ ਸ਼ਾਹ, ਤਾਰੀਖ਼ਿ ਪੰਜਾਬ (ੳ) ਸਫਾ ੩੦੮

(੫) ਗਿ: ਗਿਆਨ ਸਿੰਘ—ਸ਼ਮਸ਼ੇਰ ਖ਼ਾਲਸਾ (ਗੁਰਮੁਖੀ) ਪੰਨਾ ੧੦੧, ਪੰਥ ਪ੍ਰਕਾਸ਼ ਪੰਨਾ ੬੬੪-੬੫

(੬) ਗਿ: ਗਿਆਨ ਸਿੰਘ—ਪੰਥ ਪ੍ਰਕਾਸ਼—੬੬੪, ਸ਼ਮਸ਼ੇਰ ਖਾਲਸਾ ੭੮

(੭) ਗਿ: ਗਿਆਨ ਸਿੰਘ—ਪੰਥ ਪ੍ਰਕਾਸ਼ ਸਫਾ ੬੬੧-੬੨


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੯੦ |

ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ ੧-੦੦
ਸਿਖ ਇਕ ਵੱਖਰੀ ਕੌਮ (ਪੁਸਤਕ ਰੂਪ ਵਿਚ, ਜਿਸ ਵਿਚ ੧੬ ਖੋਜ-ਭਰੇ ਲੇਖ ਸ਼ਾਮਲ ਹਨ) ੬-੦੦
ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੬ ਵਿਦਵਾਨਾਂ ਦੇ ਖੋਜ-ਪੂਰਤ ਲੇਖ ੧-੦੦





www.AKJ.Org

# ਇਕ ਪੱਤਰ ਨੈਨੀ ਜੇਲ੍ਹ ਤੋਂ

ਜੂਨ ੧੯੮੪ ਵਿਚ ਹਰਿਮੰਦਰ ਸਾਹਿਬ ਵਿਚ ਫੌਜੀ ਕਾਰਵਾਈ ਵਿਰੁਧ ਰੋਸ ਵਜੋਂ ਬੈਰਕਾਂ ਛੱਡਣ ਵਾਲੇ ਸਜ਼ਾ-ਯਾਫ਼ਤਾ ਸਿੱਖ ਫ਼ੌਜੀ, ਜਿਹੜੇ ਦੇਸ ਦੀਆਂ ਵੱਖ ਵੱਖ ਜੇਲ੍ਹਾਂ ਵਿਚ ਕੈਦ ਕੱਟ ਰਹੇ ਹਨ ਉਨ੍ਹਾਂ ਨੂੰ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਨੂੰਨ ਦੇ ਮੁਤਾਬਕ ਸਜ਼ਾ ਹੋਣ ਤੋਂ ਬਾਅਦ ਕੈਦੀਆਂ ਨੂੰ ਉਨ੍ਹਾਂ ਦੇ ਘਰਾਂ ਤੋਂ ਸਭ ਤੋਂ ਨੇੜੇ ਪੈਣ ਵਾਲੀ ਜੇਲ੍ਹ 'ਚ ਰੱਖਿਆ ਜਾਣਾ ਚਾਹੀਦਾ ਹੈ, ਪਰ ਸਿੱਖ ਫੌਜੀਆਂ ਸੰਬੰਧੀ ਇਸ ਕਾਨੂੰਨ ਅਨੁਸਾਰ ਅਮਲ ਨਹੀਂ ਕੀਤਾ ਜਾ ਰਿਹਾ। ਯੂ ਪੀ (ਅਲਾਹਾਬਾਦ) ਦੀ ਨੈਨੀ ਜੇਲ੍ਹ ਤੋਂ ਸਿੱਖ ਫੌਜੀਆਂ ਦਾ ਆਇਆ ਇਕ ਪੱਤਰ ਹੂ-ਬ-ਹੂ ਛਾਪ ਰਹੇ ਹਾਂ। —ਅਜੀਤ, ੧੩-੧੦-੮੬

ਮਾਨਯੋਗ ਐਡੀਟਰ ਜੀ,

ਅਸੀ ੪੩ ਸਿੱਖ ਸੈਨਿਕ ਬੰਦੀ, ਜੋ ਕਿ ਕੇਂਦਰੀ ਕਾਰਗਾਹ ਨੈਨੀ, ਇਲਾਹਾਬਾਦ ਵਿਚ ਬੰਦ ਹਾਂ, ਆਪਣੇ ਕੁਝ ਦੁਖ-ਸੁਨੇਹੇ ਆਪਨੂੰ ਭੇਜ ਰਹੇ ਹਾਂ, ਤਾਂ ਕਿ ਤੁਸੀਂ ਇਨ੍ਹਾਂ ਨੂੰ ਆਪਣੇ ਅਖ਼ਬਾਰ ਵਿਚ ਛਾਪ ਕੇ ਸਾਡੇ ਵੀਰਾਂ, ਮਿੱਤਰਾਂ ਤੇ ਹਮਦਰਦਾਂ ਤਕ ਪਹੁੰਚਾ ਸਕੋ। ਅਸੀਂ ਆਪਦੀ ਇਸ ਸੇਵਾ ਲਈ ਬਹੁਤ ਬਹੁਤ ਧੰਨਵਾਦੀ ਹੋਵਾਂਗੇ।

੨ ਜੂਨ ੧੯੮੪ ਦਾ ਸਾਕਾ (ਐਕਸ਼ਨ ਨੀਲਾ ਤਾਰਾ) ਕੋਈ ਸਿੱਖ ਕਹਾਉਣ ਵਾਲਾ ਆਪਣੇ ਦਿਲ ਤੋਂ ਨਹੀਂ ਭੁਲਾ ਸਕਦਾ। ਇਹ ਉਹ ਮਨਹੂਸ ਦਿਨ ਸੀ ਜਦੋਂ ਸਿੱਖ ਕੌਮ ਦੀਆਂ ਨੀਹਾਂ ਵਿਚ ਬਾਰੂਦ ਰੱਖ ਕੇ ਉਸ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਆਪਣੇ ਆਪ ਨੂੰ ਲੋਕਤੰਤਰ ਦੀ ਰਾਖੀ ਤੇ ਧਰਮ-ਨਿਰਪੱਖਤਾ ਦੀ ਹਾਮੀ ਕਹਿਣ ਵਾਲੀ ਇਸ ਸਰਕਾਰ ਦਾ ਇਹ ਕਾਰਨਾਮਾ ਜਿਸ ਨੇ ਵੀ ਸੁਣਿਆ, ਮੂੰਹ ਵਿਚ ਉਂਗਲਾਂ ਪਾ ਲਈਆਂ। ਗ਼ਮ ਤੇ ਗੁੱਸੇ ਦੀ ਲਹਿਰ ਹਰ ਇਕ ਸਿੱਖ ਦੇ ਦਿਲ ਵਿਚ ਦੌੜ ਗਈ। ਆਪਣੇ ਧਰਮ ਦੀ ਬੇਹੁਰਮਤੀ ਹੁੰਦੀ ਵੇਖ ਕੇ ਕੋਈ ਵੀ ਆਪਣੇ ਆਪ ਤੇ ਕਾਬੂ ਨਾ ਰੱਖ ਸਕਿਆ।

ਜਿਸ ਧਰਮ ਤੇ ਧਾਰਮਿਕ ਨਿਸ਼ਾਨਾਂ ਦੀ ਕਸਮ ਦਿਵਾ ਕੇ ਇਕ ਸਿੱਖ ਫੌਜੀ ਨੂੰ ਵੈਰੀ ਤੇ ਫਤਹ ਕਰਨ ਲਈ ਤਿਆਰ ਕੀਤਾ ਜਾਂਦਾ ਹੈ, ਉਸੇ ਦੀ ਹੀ ਬੇਇਜ਼ਤੀ ਨੂੰ ਨਾ ਸਹਾਰਦੇ ਹੋਏ ਸਿੱਖ ਰੈਜਿਮੈਂਟਲ ਸੈਂਟਰ, ਰਾਮਗੜ੍ਹ ਦੇ ਤਕਰੀਬਨ ੧੫੦੦ ਜਵਾਨ ਵੀ ਪੰਜਾਬ ਵੱਲ ਧਾਈਆਂ ਕਰ ਤੁਰੇ। ਇਨ੍ਹਾਂ ਦਾ ਕਿਸੇ ਨੂੰ ਨੁਕਸਾਨ ਪਹੁੰਚਾਉਣ ਦਾ ਕੋਈ ਇਰਾਦਾ ਨਹੀਂ ਸੀ। ਨਹੀਂ ਤਾਂ ਜੋ ਹਥਿਆਰ ਤੇ ਬਾਰੂਦ ਇਨ੍ਹਾਂ ਕੋਲ ਸੀ ਇਹ ਪਰਲੋ ਲਿਆ ਸਕਦੇ ਸੀ। ਸਰਕਾਰ ਦੇ ਵਫ਼ਾਦਾਰਾਂ ਨੇ ਰਸਤੇ ਰੋਕ ਕੇ ਇਨ੍ਹਾਂ ਨੂੰ ਫੜ ਲਿਆ ਤੇ ਵੱਖ ਵੱਖ ਥਾਵਾਂ ਤੇ ਕੈਂਪ ਬਣਾ ਕੇ ਪੁਛ-ਦਸ ਦੇ ਬਹਾਨੇ ਦੇਸ਼ ਦੀਆਂ ਜਾਸੂਸੀ ਏਜੰਸੀਆਂ ਨੇ ਇਨ੍ਹਾਂ ਨੂੰ ਹਦ ਦਰਜੇ ਦੇ ਤਸੀਹੇ ਦਿਤੇ। ਤਕਰੀਬਨ ਸਾਲ ਸਵਾ ਸਾਲ ਬੰਦ ਰੱਖਣ ਦੇ ਬਾਅਦ ਜਨਰਲ ਕੋਰਟ ਮਾਰਸ਼ਲ ਦੇ ਜ਼ਰੀਏ ਤਕਰੀਬਨ ੧੦੦ ਬੰਦਿਆਂ ਨੂੰ ਵੱਡੀਆਂ ਸਜ਼ਾਵਾਂ (ਉਮਰ ਕੈਦ ਤਕ) ਦੇ ਕੇ ਆਪਣੀ ਵਫ਼ਾਦਾਰੀ ਦਾ ਸਬੂਤ ਦਿੱਤਾ।

ਅਸੀਂ ਨੈਨੀ ਜੇਲ੍ਹ ਵਿਚ ਬੰਦ ੪੩ ਸੈਨਿਕ ਤਕਰੀਬਨ ਇਕ ਸਾਲ ਤੋਂ ਇਥੇ ਬੰਦ ਹਾਂ, ਜਦ ਕਿ ਫ਼ੌਜ ਦੇ ਹੀ ਕਾਨੂੰਨ ਅਨੁਸਾਰ ਸਜ਼ਾ ਹੋਣ ਤੋਂ ੩ ਮਹੀਨੇ ਦੇ ਅੰਦਰ ਹੀ ਸੈਨਿਕ ਕੈਦੀ ਨੂੰ ਉਸ ਦੀ ਨੇੜੇ ਦੀ ਜੇਲ੍ਹ ਵਿਚ ਭੇਜੇ ਜਾਣ ਦੀ ਵਿਵਸਥਾ ਹੈ, ਲੇਕਿਨ ਸਾਡੇ ਬਾਰੇ ਵਾਰ ਵਾਰ ਪੁੱਛਣ ਤੇ ਵੀ ਇਹੀ ਜਵਾਬ ਮਿਲ ਰਿਹਾ ਹੈ ਕਿ ਗੌਰਮਿੰਟ ਨਹੀਂ ਮੰਨ ਰਹੀ। ਸਾਨੂੰ ਪਤਾ ਨਹੀਂ ਲੱਗ ਰਿਹਾ ਕਿ ਉਹ ਕਿਹੜੀ ਗੌਰਮਿੰਟ ਹੈ, ਪੰਜਾਬ ਦੀ, ਯੂ ਪੀ ਦੀ ਜਾਂ ਕੇਂਦਰ ਦੀ। ਅਸੀਂ ਇਸ ਬਾਰੇ ਪੰਜਾਬ ਦੇ ਚੀਫ ਮਨਿਸਟਰ ਸ: ਸੁਰਜੀਤ ਸਿੰਘ ਬਰਨਾਲਾ ਸਾਹਿਬ ਨੂੰ ਇਥੋਂ ਵੀ ਕਈ ਬੇਨਤੀ ਪੱਤਰ ਭੇਜ ਚੁਕੇ ਹਾਂ ਤੇ ਸਾਡੇ ਵਾਰਿਸ ਵੀ ਕਈ ਵਾਰ ਉਹਨਾਂ ਨਾਲ ਭੇਂਟ ਕਰ ਚੁਕੇ ਹਨ। ਪਰ ਉਥੋਂ ਵੀ ਹਰ ਵਾਰ ਭਰੋਸਾ ਦਿਵਾਇਆ ਜਾਂਦਾ ਹੈ ਕਿ ਅਸੀਂ ਕੋਸ਼ਿਸ਼ ਕਰ ਰਹੇ ਹਾਂ। ਅਜੇ ਤੱਕ ਸਾਡੀ ਝੋਲੀ ਵਿਚ ਇਨ੍ਹਾਂ ਝੂਠੇ ਵਾਇਦਿਆਂ ਤੋਂ ਬਗੈਰ ਕੁਝ ਨਹੀਂ ਪਿਆ।



www.AKJ.Org

ਅਸੀ ਪੰਜਾਬ ਦੇ ਆਮ ਕਿਸਾਨ ਤਬਕੇ ਵਿਚੋਂ ਹਾਂ, ਜਿਹਨਾਂ ਦਾ ਇਸ ਮਹਿੰਗਾਈ ਦੇ ਜ਼ਮਾਨੇ ਵਿਚ ਗੁਜ਼ਾਰਾ ਹੀ ਮਸੀਂ ਹੋ ਰਿਹਾ ਹੈ। ਅਸੀਂ ਆਪਣੇ ਘਰ ਤੋਂ ਦੂਰ ਪਿਛਲੇ ਢਾਈ ਤਿੰਨ ਸਾਲਾਂ ਤੋਂ ਬੈਠੇ ਹਾਂ। ਇੰਨੀ ਦੂਰ ਪੈਸਾ ਖ਼ਰਚ ਕੇ ਪਹੁੰਚਣਾ ਹਰ ਇਕ ਦੇ ਵਸ ਤੋਂ ਬਾਹਰ ਦੀ ਗੱਲ ਹੈ। ਮੁਸ਼ਕਲ ਨਾਲ ਸਾਲ ਵਿਚ ਇਕ ਵਾਰੀ ਕੋਈ ਇਕ ਘਰ ਦਾ ਜੀਅ ਹੀ ਸਾਨੂੰ ਮਿਲਣ ਆ ਸਕਦਾ ਹੈ। ਅਸੀਂ ਵੀ ਇਨਸਾਨ ਹਾਂ ਤੇ ਸਾਡੇ ਸੀਨਿਆਂ ਵਿਚ ਵੀ ਦਿਲ ਹਨ, ਜੋ ਸਾਡੇ ਮਾਂ ਪਿਉ, ਧੀਆਂ ਪੁੱਤਰਾਂ ਤੇ ਮਿੱਤਰਾਂ ਪਿਆਰਿਆਂ ਨੂੰ ਮਿਲਣ ਲਈ ਤੜਫਦੇ ਹਨ, ਜਿਹਨਾਂ ਦੀ ਤੜਫ ਇਥੋਂ ਦੇ ਜੇਲ੍ਹ ਦੇ ਵਿਹਾਰ ਨੂੰ ਵੇਖ ਕੇ ਹੋਰ ਵੀ ਵੱਧ ਜਾਂਦੀ ਹੈ।

ਇਥੇ ਮੁਲਾਕਾਤ ਕਰਨ ਆਏ ਨੂੰ ਸਿਰਫ਼ ੧੫-੨੦ ਮਿੰਟ ਹੀ ਦਿੱਤੇ ਜਾਂਦੇ ਹਨ। ਇੰਨੇ ਸਮੇਂ ਵਿਚ ਤਾਂ ਬੱਸ ਇਕ ਦੂਸਰੇ ਦੀ ਸ਼ਕਲ ਹੀ ਦੇਖੀ ਜਾ ਸਕਦੀ ਹੈ। ਚਿਰਾਂ ਤੋਂ ਦਿਲਾਂ ਵਿਚ ਦੱਬੀਆਂ ਗੱਲਾਂ ਦਿਲਾਂ ਵਿਚ ਹੀ ਰਹਿ ਜਾਂਦੀਆਂ ਹਨ। ਕੰਮ ਦੀ ਇਥੇ ਕੋਈ ਹੱਦ ਨਹੀਂ।ਮਿਥੇ ਹੋਏ ਗੌਰਮਿੰਟ ਦੇ ਕੰਮ ਤੋਂ ਬਹੁਤ ਜ਼ਿਆਦਾ ਕੰਮ ਲਿਆ ਜਾਂਦਾ ਹੈ। ਕੋਈ ਸਰਕਾਰੀ ਜਾਂ ਐਤਵਾਰ ਦੀ ਛੁੱਟੀ ਨਹੀਂ ਹੈ। ਅਗਰ ਕੋਈ ਕਿਸੇ ਕਿਸਮ ਦਾ ਉਜ਼ਰ ਕਰੇ ਤਾਂ ਜਵਾਬ ਜੇਲ੍ਹ ਦੇ ਨੰਬਰਦਾਰਾਂ ਦੀਆਂ ਡਾਂਗਾਂ ਨਾਲ ਮਿਲਦਾ ਹੈ। ਚਿੱਠੀ ਪੱਤਰ ਲਿਖਣ ਦਾ ਕੋਈ ਬੰਦੋਬਸਤ ਨਹੀਂ ਹੈ। ਨਾ ਹੀ ਕੋਈ ਖ਼ਤ ਪੱਤਰ ਜੇਲ੍ਹ ਵੱਲੋਂ ਮਿਲਦਾ ਹੈ ਤੇ ਨਾ ਹੀ ਕੋਈ ਆਪਣੇ ਵੱਲੋਂ ਰੱਖਣ ਦੀ ਇਜਾਜ਼ਤ ਹੈ। ਜਦ ਕਿ ਜੇਲ੍ਹ ਮੈਨੂਅਲ ਦੇ ਹਿਸਾਬ ਨਾਲ ਦੋ ਚਿੱਠੀਆਂ ਮਹੀਨੇ ਵਿਚ ਲਿਖਣ ਦੀ ਇਜਾਜ਼ਤ ਹੈ।

ਇਧਰ ਦੇ ੧੦੦ ਫ਼ੀ ਸਦੀ ਲੋਕ ਬੀੜੀ ਤਮਾਕੂ ਦਾ ਇਸਤੇਮਾਲ ਕਰਨ ਵਾਲੇ ਹਨ। ਉਹਨਾਂ ਦੇ ਵਿਚ ਹੀ ਸਾਨੂੰ ਬੈਰਕਾਂ ਵਿਚ ਰੱਖਿਆ ਜਾਂਦਾ ਹੈ। ਲੰਗਰਾਂ 'ਤੇ ਉਹੀ ਲੋਕ ਕੰਮ ਕਰਦੇ ਹਨ। ਉਹਨਾਂ ਦੇ ਇਕ ਹਥ ਬੀੜੀ ਹੁੰਦੀ ਹੈ ਤੇ ਦੂਸਰੇ ਨਾਲ ਰੋਟੀਆਂ ਸਬਜ਼ੀ ਬਣਾਉਂਦੇ ਤੇ ਵਰਤਾਉਂਦੇ ਹਨ। ਜਦ ਅਸੀਂ ਇਹ ਕਹਿੰਦੇ ਹਾਂ ਕਿ ਸਾਨੂੰ ਵੱਖ ਬੈਰਕ ਦੇ ਵੱਖ ਲੰਗਰ ਦੇ ਦਿਉ ਤਾਂ ਜਵਾਬ ਮਿਲਦਾ ਹੈ ਕਿ ਇਹ ਨਹੀਂ ਹੋ ਸਕਦਾ। ਤੁਹਾਨੂੰ ਇਕ ਜਗ੍ਹਾ ਤੇ ਨਹੀਂ ਰੱਖਿਆ ਜਾ ਸਕਦਾ ਤੇ ਤੰਮਾਕੂ ਦੇ ਇਸਤੇਮਾਲ ਨੂੰ ਅਸੀਂ ਬੰਦ ਨਹੀਂ ਕਰ ਸਕਦੇ।

ਖਾਣੇ ਦਾ ਪੱਧਰ ਏਨਾ ਨੀਵਾਂ ਹੈ ਕਿ ਬੰਦਾ ਇਸ ਨਾਲ ਸਿਰਫ਼ ਆਪਣਾ ਸਾਹ ਤਾਂ ਚਲਦਾ ਰੱਖ ਸਕਦਾ ਹੈ, ਪਰ ਕੋਈ ਕੰਮ ਕਰਨ ਲਈ ਤਾਕਤ ਨਹੀਂ ਲੈ ਸਕਦਾ। ਅਗਰ ਕੋਈ ਚੀਜ਼ ਅਸੀਂ ਘਰ ਤੋਂ ਖਾਣ ਲਈ ਮੰਗਾਉਂਦੇ ਹਾਂ ਤਾਂ ਇਹ ਕਹਿ ਕੇ ਵਾਪਸ ਕਰ ਦਿੱਤੀ ਜਾਂਦੀ ਹੈ ਕਿ ਇਹ ਜੇਲ੍ਹ ਵਿਚ ਆਉਣ ਦਾ ਆਦੇਸ਼ ਨਹੀਂ ਹੈ।

ਇਹ ਸਾਡੀਆਂ ਕੁਝ ਕੁ ਮੋਟੀਆਂ ਤਕਲੀਫ਼ਾਂ ਸੀ, ਜੋ ਕਿ ਰੋਜ਼ ਪੇਸ਼ ਆਉਣ ਵਾਲੀਆਂ ਹਨ। ਸਮੇਂ ਸਮੇਂ ਤੇ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

ਸਾਡੇ ਲਈ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਵਕੀਲ ਸ: ਆਰ ਐਸ ਸੋਢੀ, ਦਿੱਲੀ ਸੁਪਰੀਮ ਕੋਰਟ, ਨਿਯੁਕਤ ਕੀਤਾ ਸੀ। ਪਹਿਲਾਂ ਪਹਿਲ ਉਹਨਾਂ ਦੀਆਂ ਇਕ ਦੋ ਚਿੱਠੀਆਂ ਆਈਆਂ ਕਿ ਆਪਣੀਆਂ ਕੇਸ-ਫਾਈਲਾਂ ਮੈਨੂੰ ਕੇਸ ਲੜਨ ਲਈ ਭੇਜੋ। ਪਰ ਉਸ ਤੋਂ ਬਾਅਦ ਉਹਨਾਂ ਨੇ ਸਾਡੇ ਬਾਰੇ ਕੀ ਕੁਝ ਕੀਤਾ ਹੈ ਤੇ ਸਾਡਾ ਕੇਸ ਕਿਸ ਪੱਧਰ ਤੇ ਲੜਿਆ ਜਾ ਰਿਹਾ ਹੈ ਜਾਂ ਨਹੀਂ, ਇਸ ਬਾਰੇ ਸਾਨੂੰ ਕੋਈ ਸੂਚਨਾ ਨਹੀਂ ਦਿੱਤੀ ਗਈ, ਹਾਲਾਂਕਿ ਅਸੀਂ ਉਹਨਾਂ ਨੂੰ ਬੇਅੰਤ ਚਿੱਠੀਆਂ ਇਥੋਂ ਭੇਜ ਚੁਕੇ ਹਾਂ, ਪਰ ਉਧਰੋਂ ਕੋਈ ਜਵਾਬ ਨਹੀਂ ਆਇਆ।

ਅਸੀਂ ਆਪਣੀ ਇਸ ਚਿੱਠੀ ਰਾਹੀਂ ਆਪਣੇ ਲੀਡਰਾਂ ਨੂੰ ਤੇ ਕੌਮ ਦੇ ਜਥੇਦਾਰਾਂ ਨੂੰ ਇਹ ਅਪੀਲ ਕਰਨੀ ਚਾਹੁੰਦੇ ਹਾਂ ਕਿ ਛੇਤੀ ਤੋਂ ਛੇਤੀ ਸਾਡੀ ਇਥੋਂ ਨੇੜੇ ਦੀਆਂ ਜੇਲ੍ਹਾਂ ਵਿਚ ਬਦਲੀ ਕਰਵਾ ਕੇ ਇਸ ਉਕਤਾ ਦੇਣ ਵਾਲੇ ਮਾਹੌਲ ਤੋਂ ਛੁਟਕਾਰਾ ਦਿਵਾਉਣ।

ਅਗਰ ਉਹ ਆਪਣਾ ਕੀਮਤੀ ਸਮਾਂ ਗਵਾ ਕੇ ਕਿਤੇ ਸਾਡੇ ਕੋਲ ਆ ਕੇ ਸਾਡੀਆਂ ਦੁਖ ਤਕਲੀਫ਼ਾਂ ਸੁਣਨ ਦੀ ਖੇਚਲ ਕਰ ਲੈਣ ਤਾਂ ਸਾਡੇ ਵੀ ਡੁਬਦੇ ਦਿਲਾਂ ਨੂੰ ਇਹ ਸਹਾਰਾ ਹੋ ਜਾਏ ਕਿ ਜੇ ਅਸੀਂ ਆਪਣੇ ਧਰਮ ਲਈ ਕੁਝ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਸਾਡੀ ਕੌਮ ਸਾਡੇ ਲੀਡਰਾਂ ਦਾ ਹੱਥ ਸਾਡੀ ਕੰਡ ਤੇ ਹੈ।

ਅਖ਼ੀਰ ਵਿਚ ਸਾਡੀ ਸਾਰੇ ਸੈਨਿਕਾਂ ਦੀ ਬੇਨਤੀ ਹੈ ਕਿ ਸਾਡੀ ਇਸ ਚਿਠੀ ਨੂੰ ਆਪਣੀ ਅਖ਼ਬਾਰ ਵਿਚ ਜ਼ਰੂਰ ਲਗਾ ਦੇਣਾ ਤਾਂ ਜੁ ਸਾਡਾ ਇਹ ਸੁਨੇਹਾ ਸਾਡੇ ਸਭ ਵੀਰਾਂ ਤਕ ਪਹੁੰਚ ਜਾਏ। —ਨੈਨੀ ਜੇਲ੍ਹ ਦੇ ਸਿੱਖ ਸੈਨਿਕ ਕੈਦੀ

www.AKJ.Org

# ਭਾਰਤ ਸਰਕਾਰ ਦੇ ਧਰਮ-ਨਿਰਪੇਖਤਾ ਦੇ ਦਾਅਵੇ

[ ਸ: ਨਰੈਣ ਸਿੰਘ ਜੀ ਐਮ. ਏ. ਸਕੱਤਰ, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ]

ਨੋਟ :—ਇਸ ਲੇਖ-ਲੜੀ ਦਾ ਇਹ ਪੰਜਵਾਂ ਲੇਖ ਹੈ। ਇਸ ਤੋਂ ਪਹਿਲੇ ਚਾਰ ਲੇਖ ਸਨ—੧. ਸਿੱਖਾਂ ਦੀ ਮਾਰਸ਼ਲ ਸਪਿਰਿਟ ਅਤੇ ਕੁਰਬਾਨੀ ਦਾ ਜਜ਼ਬਾ, ੨. ਕਾਂਗਰਸ ਅਤੇ ਉਸ ਦੇ ਨੇਤਾਵਾਂ ਵਲੋਂ ਵਾਹਿਦੇ, ੩. ਸਿੱਖਾਂ ਪ੍ਰਤੀ ਹਿੰਦੂ-ਬ੍ਰਾਹਮਣ ਵਿਰੋਧੀ ਰੋਲ, ੪. ਵੇਖ ਕੇ ਅਣਡਿਠ ਕੀਤਾ। ਹੁਣ ਪਾਠਕ 'ਧਰਮ-ਨਿਰਪੇਖਤਾ' ਦੀ ਅਸਲੀਅਤ ਹੇਠਲੇ ਲੇਖ ਵਿਚ ਵਾਚਣ। —ਸੰਪਾਦਕ

ਦੇਸ਼ ਦੇ ੧੯੪੭ ਦੇ ਬਟਵਾਰੇ ਅਤੇ ਪੂਰਬੀ ਪੰਜਾਬ ਦੇ ਭਾਰਤ ਦਾ ਭਾਗ ਬਣ ਜਾਣ ਉਪ੍ਰੰਤ ਪਹਿਲਾ ਪ੍ਰਸ਼ਾਦ ਜੋ ਸਿੱਖਾਂ ਨੂੰ ਦੇਸ਼ ਦੀ ਸਰਕਾਰ ਪਾਸੋਂ ਮਿਲਿਆ, ਉਹ ਸਰਕਾਰ ਵਲੋਂ ਜ਼ਿਲ੍ਹਾ ਅਫਸਰਾਂ ਦੇ ਨਾਮ ਜਾਰੀ ਹੋਇਆ, ਉਹ ਹੁਕਮ ਸੀ ਜਿਸ ਵਿਚ ਪਛਮੀ ਪੰਜਾਬ ਤੋਂ ਆਏ ਸਿਖਾਂ ਦੇ ਜੁਰਮ ਕਰਨ ਦੇ ਆਦੀ ਹੋਣ ਦੇ ਸ਼ੱਕ ਦਾ ਪ੍ਰਗਟਾਵਾ ਸੀ ਅਤੇ ਹਿਦਾਇਤ ਸੀ ਕਿ ਇਨ੍ਹਾਂ ਉਪਰ ਨਜ਼ਰ ਰਖੀ ਜਾਵੇ।

ਮੈਂ ਨਹੀਂ ਕਹਿ ਸਕਦਾ ਕਿ ਇਸ ਸਰਕਾਰੀ ਸਰਕੂਲਰ ਤੋਂ ਸਮੁੱਚੇ ਤੌਰ ਤੇ ਸਿਖਾਂ ਨੂੰ ਕੀ ਕੀ ਖੇਦ ਵਾਪਰੇ, ਪ੍ਰੰਤੂ ਫਰਵਰੀ ੧੯੪੮ ਵਿਚ ਜਦੋਂ ਮੈਂ ਸਹਾਰਨਪੁਰ ਲਾਗੇ ਆਪਣੀ ਖ਼੍ਰੀਦੀ ਹੋਈ ਜ਼ਮੀਨ ਵਿਚ ਖੇਤੀ ਕਰਨ ਦੇ ਖ਼ਿਆਲ ਨਾਲ ਪ੍ਰਵਾਰ ਸਮੇਤ ਗਿਆ ਤਾਂ ਅਗਲੇ ਦਿਨ ਹੀ ਮੇਰੇ ਦੋ ਲੜਕੇ (ਉਮਰ ੨੩ ਤੇ ੧੮ ਸਾਲ), ਇਕ ਹੋਰ ਰਿਸ਼ਤੇਦਾਰ ਅਤੇ ਇਕ ਮੇਰੇ ਉਸੇ ਜ਼ਮੀਨ ਦੀ ਖ਼੍ਰੀਦ ਵਿਚ ਭਾਈਵਾਲ—ਚਾਰ ਨੌਜਵਾਨਾਂ ਨੂੰ ਪੁਲੀਸ ਗ੍ਰਿਫ਼ਤਾਰ ਕਰ ਕੇ ਲੈ ਗਈ ਅਤੇ ਸਹਾਰਨਪੁਰ ਜੇਲ੍ਹ ਅੰਦਰ ਬੰਦ ਕਰ ਦਿਤੇ। ਬਾਅਦ ਵਿਚ ਦਫ਼ਾ ੧੦੭ ਹੇਠ ਉਨ੍ਹਾਂ ਦੀਆਂ ਜ਼ਮਾਨਤਾਂ ਹੋ ਜਾਣ ਤੇ ਹੀ ਉਹ ਰਿਹਾ ਹੋ ਸਕੇ।

ਆਜ਼ਾਦੀ ਤੋਂ ਛੇਤੀ ਪਿਛੋਂ ਆਜ਼ਾਦ ਭਾਰਤ ਦਾ ਵਿਧਾਨ ਤਿਆਰ ਕਰਨ ਲਈ Constituent Assembly (ਵਿਧਾਨ-ਘੜਨੀ ਕਮੇਟੀ) ਸਥਾਪਤ ਕੀਤੀ ਗਈ, ਜਿਸ ਵਿਚ ਦੋ ਸਿਖਾਂ ਸ: ਹੁਕਮ ਸਿੰਘ ਤੇ ਸ: ਭੁਪਿੰਦਰ ਸਿੰਘ ਨੂੰ ਮੈਂਬਰ ਲਿਆ ਗਿਆ। ਲੰਬੇ ਵਿਚਾਰ-ਵਟਾਂਦਰੇ ਪਿਛੋਂ ਜੋ ਵਿਸ਼ੇਸ਼ ਫ਼ੈਸਲਾ ਲਿਆ ਗਿਆ, ਉਹ ਦੇਸ਼ ਦੀ ਸਰਕਾਰ ਦਾ ਗਣਤੰਤਰੀ ਅਧਾਰ ਤੇ ਸਾਂਝੀ ਚੋਣ-ਪ੍ਰਣਾਲੀ ਦੁਆਰਾ ਨਿਯੁਕਤ ਕੀਤਾ ਜਾਣਾ ਅਤੇ ਹਰ ਬਾਲਗ ਮਨੁੱਖ ਇਸਤ੍ਰੀ ਲਈ ਵੋਟ ਦਾ ਹੱਕ ਸੁਰੱਖਿਅਤ ਕਰਨਾ ਸੀ। ਭਾਰਤ ਦੀ ਜਨ-ਸੰਖਿਆ (ਆਬਾਦੀ) ਵਿਚ ਹਿੰਦੂ ਗਿਣਤੀ ੮੨ ਫ਼ੀ ਸਦੀ ਅਤੇ ਬਾਕੀ ਦੇ ਸਾਰੇ ਧਰਮਾਂ ਦੇ ਲੋਕ ੧੮ ਫ਼ੀ ਸਦੀ ਸਨ, ਜਿਨ੍ਹਾਂ ਵਿਚ ਸਿਖ ਆਬਾਦੀ ਕੇਵਲ ੧.੮ ਫ਼ੀ ਸਦੀ, ਅਥਵਾ, ਦੋ ਤੋਂ ਕੁਝ ਘਟ ਸੀ, ਅਤੇ ਮੈਂਬਰ ਸਾਂਝੀ ਚੋਣ-ਪ੍ਰਣਾਲੀ ਦੁਆਰਾ ਚੁਣੇ ਜਾਣੇ ਸਨ, ਇਸ ਦਾ ਸਪਸ਼ਟ ਭਾਵ ਭਾਰਤ ਅੰਦਰ ਹਿੰਦੂ ਧਰਮ ਵਾਲਿਆਂ ਦਾ ਰਾਜ ਸਥਾਪਤ ਕਰਨਾ ਸੀ। ਭਾਵੇਂ ਘਟ-ਗਿਣਤੀਆਂ (ਮੁਸਲਮਾਨ, ਈਸਾਈ, ਸਿਖ, ਪਾਰਸੀ ਆਦਿ) ਦਾ ਧਰਵਾਸ ਬੰਨ੍ਹਾਉਣ ਲਈ ਇਹ ਫ਼ੈਸਲਾ ਲਿਆ ਗਿਆ ਕਿ ਭਾਰਤ ਸੈਕੂਲਰ ਦੇਸ਼ ਹੋਵੇਗਾ, ਅਰਥਾਤ ਇਸ ਵਿਚ ਮਜ਼ਹਬ ਦੇ ਵਿਚਾਰ ਨੂੰ ਕੋਈ ਥਾਉਂ ਨਹੀਂ ਹੋਵੇਗਾ।

ਜ਼ਰਾ ਸੋਚਣ ਵਾਲੀ ਗੱਲ ਹੈ ਕਿ ਜਿਸ ਦੇਸ ਦੇ ੮੨ ਫ਼ੀ ਸਦੀ ਲੋਕਾਂ ਦੇ ਧਰਮ ਵਿਚਾਰ, ਵਿਹਾਰ, ਰਸਮਾਂ ਰੀਤਾਂ, ਤਿਉਹਾਰ, ਰਹਿਣੀ, ਪੁਸ਼ਾਕ (ਪਹਿਰਾਵਾ) ਇਕ-ਸਾਰ ਅਤੇ ਬਾਕੀ ਦੇ ੧੮ ਫ਼ੀ ਸਦੀ ਤੋਂ ਵਖਰੇ ਹੋਣ, ਉਨ੍ਹਾਂ ਦੇ ਧਰਮ ਨਿਰਪੇਖ (Secular) ਹੋਣ ਦੇ ਕੀ ਅਰਥ ਰਹਿ ਜਾਂਦੇ ਹਨ ? ਹਾਂ, ਦੂਜੇ ਧਰਮਾਂ—ਸਿਖ, ਮੁਸਲਮਾਨ ਆਦਿ ਦੇ ਧਰਮ ਕਰਮਾਂ ਉਤੇ ਧਰਮ ਨਿਰਪੇਖਤਾ ਵਾਲੀ ਨੀਤੀ ਜ਼ਰੂਰੀ ਆਪਣਾ ਅਸਰ ਰਖੇਗੀ, ਜੈਸਾ ਕਿ ਛੇਤੀ ਪਿਛੋਂ ਪਰਤੱਖ ਹੋਣਾ ਸ਼ੁਰੂ ਹੋ ਗਿਆ।

ਸੰਵਿਧਾਨ-ਘੜਨੀ ਸਭਾ ਵਲੋਂ ੨੭ ਜਨਵਰੀ ੧੯੪੮ ਨੂੰ ਇਕ ੫੦ ਮੈਂਬਰੀ ਸਲਾਹਕਾਰ ਕਮੇਟੀ ਸਥਾਪਤ ਕੀਤੀ ਗਈ ਸੀ। ਇਸ ਕਮੇਟੀ ਨੇ ਆਪਣੀ ਪਹਿਲੀ ਰੀਪੋਰਟ ੮ ਅਗਸਤ ੧੯੪੮ ਨੂੰ ਦੇਂਦੇ ਹੋਏ ਹੇਠਾਂ ਦਰਜ **ਮੁਖ** ਸਿਫ਼ਾਰਸ਼ਾਂ ਕੀਤੀਆਂ—



www.AKJ.Org

(੧) ਚੋਣਾਂ ਸਾਂਝੀ ਪ੍ਰਣਾਲੀ ਅਧੀਨ ਹੋਣਗੀਆਂ ।

(੨) ਕੈਬਨਿਟ ਵਿਚ ਕੋਈ ਰਾਖਵੀਂ ਸੀਟ ਨਹੀਂ ਹੋਵੇਗੀ, ਧਰ ਇਹ ਪ੍ਰੰਪਰਾ ਕਾਇਮ ਕੀਤੀ ਜਾਵੇਗੀ ਕਿ ਘਟ-ਗਿਣਤੀਆਂ ਨੂੰ ਯੋਗ ਪ੍ਰਤੀਨਿਧਤਾ ਮਿਲ ਸਕੇ ।

(੩) ਨੌਕਰੀਆਂ ਵਿਚ ਘਟ-ਗਿਣਤੀਆਂ ਦੇ ਕਲੇਮ ਨੂੰ ਧਿਆਨ ਨਾਲ ਇਕ-ਸਾਰਤਾ ਵਿਚ ਰਖਿਆ ਜਾਵੇਗਾ ।

ਸਲਾਹਕਾਰ ਕਮੇਟੀ ਦੀ ਰੀਪੋਰਟ ਦੇ ਪੈਰਾ ੪ ਵਿਚ ਕਮੇਟੀ ਦੇ ਚੇਅਰਮੈਨ ਸਰਦਾਰ ਪਟੇਲ ਨੇ ਸਪਸ਼ਟ ਕੀਤਾ ਕਿ 'ਸਾਂਝੀ ਚੋਣ-ਪ੍ਰਣਾਲੀ ਦੇ ਪ੍ਰਭਾਵ ਤੋਂ ਘਟ-ਗਿਣਤੀਆਂ ਨੂੰ ਚਿੰਤਾਤੁਰ ਹੋਣ ਦੀ ਲੋੜ ਨਹੀਂ, ਕਿਉਂਕਿ ਸੀਟਾਂ ਰਾਖਵੀਆਂ ਕੀਤੀਆਂ ਜਾ ਰਹੀਆਂ ਹਨ ।'

ਮੁਸਲਮਾਨ ਮੈਂਬਰਾਂ ਵਲੋਂ ਰਾਖਵੀਆਂ ਸੀਟਾਂ ਸੰਬੰਧੀ ਮਿਸਟਰ ਆਈਂਗਰ ਨੇ ਕਿਹਾ :—

"ਹਿੰਦੂ ਇਹ ਮਹਿਸੂਸ ਕਰਦੇ ਹਨ ਕਿ ਉਹ ਵੀ ਇਨਸਾਨ ਹਨ । ਜਦ ਦੇਸ਼ ਦਾ ਬਟਵਾਰਾ ਹੋ ਗਿਆ ਤਾਂ ਮੁਸਲਮਾਨਾਂ ਦੀ ਸੁਰੱਖਿਆ ਕਿਸ ਵਾਸਤੇ ਕੀਤੀ ਜਾਵੇ । ਇਸ ਕੰਮ ਨੂੰ ਪਰੇ ਸੁਟ ਦਿਤਾ ਜਾਵੇ । ਮੈਂ ਘਟ-ਗਿਣਤੀ ਦੇ ਸ਼ਬਦ ਨੂੰ ਬਿਲਕੁਲ ਪਸੰਦ ਨਹੀਂ ਕਰਦਾ ।"

ਇਸੇ ਤਰ੍ਹਾਂ ਮਹਾਂਵੀਰ ਤਿਆਗੀ ਨੇ ਕਿਹਾ ਕਿ :—

(੧) ਸਾਨੂੰ ਇਹ ਕਿਉਂ ਕਿਹਾ ਜਾਂਦਾ ਹੈ ਕਿ ਵਖਰੀ ਚੋਣ-ਪ੍ਰਣਾਲੀ ਬਣਾਈ ਜਾਵੇ ।

(੨) ਘਟ-ਗਿਣਤੀਆਂ ਵਾਸਤੇ ਕੇਵਲ ਇਹੋ ਹੀ ਰਸਤਾ ਹੈ ਕਿ ਉਹ ਬਹੁ-ਗਿਣਤੀ ਦੀ ਵਫ਼ਾਦਾਰ ਬਣ ਕੇ ਰਹੇ, ਅਤੇ ਬਹੁ-ਗਿਣਤੀ ਦੇ ਭਰੋਸੇ ਨੂੰ ਜਿੱਤਣ ਲਈ ਉਸ ਨਾਲ ਸਹਿਯੋਗ ਕੀਤਾ ਕਰੇ ।

(੩) ਘਟ-ਗਿਣਤੀਆਂ ਨੂੰ ਅਸੀਂ ਕੱਢ ਦੇਣ ਜਾਂ ਵਡੀ ਪਧਰ ਤੇ ਕਤਲ ਕਰ ਦੇਣ ਵਿਚ ਵਿਸ਼ਵਾਸ ਨਹੀਂ ਰਖਦੇ, ਸਗੋਂ ਧਰਮ ਦੀ ਤਬਦੀਲੀ ਦੇ ਚਾਹਵਾਨ ਹਾਂ ।

ਸਰਦਾਰ ਪਟੇਲ ਨੇ ਸਪਸ਼ਟ ਕੀਤਾ ਕਿ :—

(੧) ਜਦ ਪਾਕਿਸਤਾਨ ਬਣ ਗਿਆ ਤਾਂ ਇਹ ਸਮਝਿਆ ਗਿਆ ਕਿ ਬਾਕੀ ਭਾਰਤ ਵਿਚ ਕੇਵਲ ਇਕੋ ਕੌਮ ਰਹਿ ਜਾਂਦੀ ਹੈ । ਹਿੰਦੂਆਂ ਦੀ ਜਨ-ਸੰਖਿਆ ੮੦ ਪ੍ਰਤੀਸ਼ਤ ਹੈ ।

(੨) ਅਸੀਂ ਵਖਰੀ ਚੋਣ-ਪ੍ਰਣਾਲੀ ਦੀ ਸਰਕਾਰ ਨੂੰ ਕਦੀ ਵੀ ਪ੍ਰਵਾਨ ਨਹੀਂ ਕਰ ਸਕਦੇ ।

ਸਿਖਾਂ ਲਈ (ੳ) ਵਖਰੀ ਚੋਣ-ਪ੍ਰਣਾਲੀ, (ਅ) ਸਿਖਾਂ ਲਈ ਰਾਖਵੀਆਂ ਸੀਟਾਂ ਨਿਸਚਤ ਕਰਨ ਅਤੇ (ੲ) ਫੌਜ ਵਿਚ ਸਿਖਾਂ ਵਾਸਤੇ ਰਾਖਵੀਆਂ ਸੇਵਾਵਾਂ ਨੀਯਤ ਕਰਨ ਦੀਆਂ ਤਿੰਨੇ ਮੰਗਾਂ ਠੁਕਰਾ ਦਿਤੀਆਂ ਗਈਆਂ ਅਤੇ ਸਲਾਹਕਾਰ ਕਮੇਟੀ ਵਲੋਂ ਬਣਾਈ ਸਪੈਸ਼ਲ ਸਬ-ਕਮੇਟੀ ਦੀ ਰੀਪੋਰਟ ੩੦ ਦਸੰਬਰ ੧੯੪੮ ਨੂੰ ਵਿਚਾਰਦੇ ਹੋਏ ਸਰਦਾਰ ਪਟੇਲ ਨੇ ਸਪਸ਼ਟ ਕਹਿ ਦਿਤਾ ਕਿ ਕਿਸੇ ਵੀ ਧਾਰਮਕ ਘਟ-ਗਿਣਤੀ ਲਈ ਰਾਖਵੀਆਂ ਸੀਟਾਂ ਨਹੀਂ ਰਖੀਆਂ ਜਾ ਸਕਦੀਆਂ ।

(ਉਕਤ ਜਾਣਕਾਰੀ ਸ: ਹੁਕਮ ਸਿੰਘ ਜੀ ਦੀ ਤਕਰੀਰ ਵਿਚੋਂ ਲਈ ਗਈ ਹੈ)

ਕਾਨਸਟੀਚੂਐਂਟ ਅਸੈਂਬਲੀ ਦੇ ਸਿਖ ਮੈਂਬਰਾਂ ਨੇ ਇਸ ਗੱਲ ਨੂੰ ਛੇਤੀ ਭਾਂਪ ਲਿਆ, ਅਤੇ ਉਹ ਵਾਹਿਦੇ ਮੁਆਹਿਦੇ, ਜੋ ਆਜ਼ਾਦੀ ਮਿਲਣ ਤੋਂ ਪਹਿਲੋਂ ਕਾਂਗ੍ਰਸ ਅਤੇ ਕਾਂਗ੍ਰਸੀ ਨੇਤਾ ਸਿਖਾਂ ਨਾਲ ਕਰਦੇ ਆਏ ਸਨ, ਦੇ ਚਿਤਾਰੇ ਜਾਣ ਦੇ ਬਾਵਜੂਦ ਵੀ ਜਦੋਂ ਅਸੈਂਬਲੀ ਨੇ ਸਿਖਾਂ ਨੂੰ ਕੋਈ ਰਾਹ ਨਾ ਦਿਤਾ ਤਾਂ ਉਨ੍ਹਾਂ ਦੋਨਾਂ ਨੇ ਪ੍ਰਵਾਨ ਹੋਏ ਵਿਧਾਨ ਦੀ ਇਹ ਕਹਿੰਦੇ ਹੋਏ ਕਿ "The Sikhs do not accept the Constitution, the Sikhs reject this Constitution Act" ਅਰਥਾਤ "ਸਿਖਾਂ ਨੂੰ ਇਹ ਵਿਧਾਨ ਪ੍ਰਵਾਨ ਨਹੀਂ, ਸਿਖ ਇਸ ਵਿਧਾਨ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ" ਕਹਿ ਕੇ ਇਸ ਦੀ ਵਿਰੋਧਤਾ ਕੀਤੀ, ਪਰ ੯੨ ਦੇ ਸਾਮ੍ਹਣੇ ਦੋ ਮਨੁੱਖਾਂ ਦੀ ਆਵਾਜ਼ ਨਗਾਰ-ਖ਼ਾਨੇ ਵਿਚ ਤੂਤੀ ਦੇ ਸਮਾਨ ਵੀ ਨ ਵੇਖ, ਉਨ੍ਹਾਂ ਨੇ ਵਿਧਾਨ ਤੇ ਦਸਖ਼ਤ ਕਰਨ ਤੋਂ ਇਨਕਾਰ ਕਰ ਦਿਤਾ । ਹੋਰ ਉਹ ਕਰ ਵੀ ਕੀ ਸਕਦੇ ਸਨ ?



www.AKJ.Org

ਕਾਨਸਟੀਚੂਐਂਟ ਅਸੈਂਬਲੀ ਵਿਚ ਇਹ ਵੀ ਪਾਸ ਕੀਤਾ ਗਿਆ ਸੀ ਕਿ ਭਾਰਤ ਵਿਚ ਵਸਦੇ ਨੌਂ ਕਰੋੜ ਕਹੇ ਜਾਂਦੇ ਨੀਚ ਜਾਤ ਲੋਕ, ਜਿਨ੍ਹਾਂ ਤੋਂ ਸੁਰਨ-ਜਾਤ ਹਿੰਦੂ ਛੂਆ ਛਾਤ ਕਰਦੇ ਸਨ ਅਤੇ ਜੋ ਇਕਤਸਾਦੀ ਤੌਰ ਤੇ ਅਤਿ ਗਰੀਬ ਸਨ, ਨੂੰ ਵਿਸ਼ੇਸ਼ ਰਿਆਇਤਾਂ ਦਿਤੀਆਂ ਜਾਣ ਅਤੇ ਉਨ੍ਹਾਂ ਤੋਂ ਛੂਤ ਛਾਤ ਨ ਕੀਤੀ ਜਾਵੇ।

ਇਹ ਭੀ ਕਿਹਾ ਗਿਆ ਕਿ ਇਹ ਆਪਣੇ ਅਸਲੇ ਵਿਚ ਹਿੰਦੂ ਹਨ।

ਧਰਮ-ਨਿਰਪੇਖਤਾ (Secularism) ਦਾ ਦਾਅਵਾ ਕਰਨ ਵਾਲੀ ਸਰਕਾਰ ਲਈ ਇਨ੍ਹਾਂ ਪਛੜੇ ਹੋਏ ਲੋਕਾਂ ਨੂੰ 'ਹਿੰਦੂ' ਕਹਿਣਾ ਆਪਣੇ ਆਪ ਵਿਚ ਹੀ ਧਰਮ ਨਿਰਪੇਖਤਾ ਦੀ ਬਜਾਏ ਹਿੰਦੂ-ਪਖੀ ਹੋਣ ਵਾਲੀ ਗੱਲ ਸੀ, ਕਿਉਂਕਿ ਇਉਂ ਕਰ ਕੇ ਉਹ ਨ ਕੇਵਲ ਨੌਂ ਕ੍ਰੋੜ ਮਨੁਖਾਂ ਨੂੰ ਹਿੰਦੂ ਦਸ ਕੇ ਦੇਸ਼ ਦੀ ਹਿੰਦੂ ਆਬਾਦੀ ਵਿਚ ਵਾਧਾ ਕਰ ਰਹੇ ਸਨ, ਸਗੋਂ ਨੌਂ ਕ੍ਰੋੜ ਹਿੰਦੂਆਂ ਨੂੰ ਵਿਸ਼ੇਸ਼ ਰਿਆਇਤਾਂ ਦੇ ਕੇ ਦੇਸ਼ ਦਾ ਸਾਂਝਾ ਧਨ ਹਿੰਦੂ ਜਾਤੀ ਦੀ ਉਨਤੀ ਲਈ ਵਰਤ ਰਹੇ ਸਨ।

ਇਸ ਦਾ ਜੋ ਫ਼ੌਰੀ ਅਸਰ ਹੋਇਆ ਅਤੇ ਜਿਸ ਨੇ ਘਟ-ਗਿਣਤੀ ਕੌਮਾਂ—ਯਥਾ ਸਿੱਖਾਂ ਤੇ ਮੁਸਲਮਾਨਾਂ ਨੂੰ ਭਾਰੀ ਸੱਟ ਮਾਰੀ, ਓਹ ਇਨ੍ਹਾਂ ਪਛੜੇ ਹੋਏ ਕਹੇ ਜਾਂਦੇ ਅਛੂਤਾਂ ਵਿਚੋਂ ਜੋ ਲੋਕ ਸਿਖ ਜਾਂ ਮੁਸਲਮਾਨ ਬਣੇ ਹੋਏ ਸਨ, ਉਨ੍ਹਾਂ ਆਪਣੇ ਹੋਰ ਅਛੂਤ ਭਰਾਵਾਂ ਨੂੰ ਰਿਆਇਤਾਂ ਮਿਲਦੀਆਂ ਵੇਖ ਝਟ ਆਪਣੇ ਹਿੰਦੂ ਹੋਣ ਦਾ ਐਲਾਨ ਕੀਤਾ ਅਤੇ ਸਿਖ ਤਥਾ ਮੁਸਲਮਾਨ ਮੱਤ, ਜਿਸ ਵਿਚ ਉਹ ਪਰਵੇਸ਼ ਕਰ ਚੁਕੇ ਹੋਏ ਸਨ, ਨੂੰ ਤਿਆਗ ਦਿਤਾ।

ਦੇਸ਼ ਆਜ਼ਾਦ ਹੋਣ ਤੋਂ ਪਹਿਲੋਂ ਯੂ ਪੀ ਦੇ ਕਈ ਲਖ ਅਛੂਤ, ਜਿਨ੍ਹਾਂ ਨੇ ਸਿੱਖੀ ਕਬੂਲ ਲਈ ਹੋਈ ਸੀ ਅਤੇ ਅੰਮ੍ਰਿਤ ਛਕ ਕੇ ਕੇਸਾਧਾਰੀ ਸਿੰਘ ਸਜ ਗਏ ਹੋਏ ਸਨ, ਸਾਰਿਆਂ ਨੇ ਕੁਝ ਦਿਨਾਂ ਦੇ ਅੰਦਰ ਅੰਦਰ ਕੇਸ ਕਤਲ ਕਰਾ ਕੇ ਸਿੱਖੀ ਵਲੋਂ ਮੂੰਹ ਮੋੜ ਲਿਆ। ਇਹ ਸੀ ਭਾਰਤ ਦੀ ਧਰਮ-ਨਿਰਪੇਖਤਾ ਦੇ ਦਾਅਵੇ ਵਾਲੀ ਸਰਕਾਰ ਦਾ ਪਹਿਲਾ ਵਾਰ, ਜੋ ਸਿਖਾਂ ਤੇ ਹੋਇਆ।

ਹੋਰ ਲਓ : ਭਾਰਤੀ ਵਿਧਾਨ (Consitution) ਅੰਦਰ ਦੇਸ਼-ਵਾਸੀ ਮੁਸਲਮਾਨਾਂ ਅਤੇ ਈਸਾਈਆਂ ਨੂੰ ਆਪੋ ਆਪ ਵਖਰੀ ਕੌਮੀਅਤ ਰਖਣ ਦਾ ਅਧਿਕਾਰ ਪ੍ਰਾਪਤ ਹੈ ਅਤੇ ਉਨ੍ਹਾਂ ਉਪਰ ਹਿੰਦੂ ਕੋਡ ਦੀਆਂ ਧਾਰਾਵਾਂ ਲਾਗੂ ਨਹੀਂ, ਪਰ ਸਿਖਾਂ ਉਪਰ ਇਹ ਹਿੰਦੂ ਧਾਰਾਵਾਂ ਉਵੇਂ ਹੀ ਲਾਗੂ ਹਨ ਜਿਵੇਂ ਬੋਧੀਆਂ ਤਥਾ ਜੈਨੀਆਂ ਉਪਰ (ਵੇਖੋ ਵਿਧਾਨ ਦੀ ਧਾਰਾ ੨੫)। ਜਿਸ ਦਾ ਸਪਸ਼ਟ ਭਾਵ ਸਿਖ ਦੀ ਅਡਰੀ ਕੌਮੀਅਤ ਨੂੰ ਖ਼ਤਮ ਕਰ ਕੇ ਸਿਖ ਨੂੰ ਹਿੰਦੂ ਦੀ ਇਕ ਸ਼ਾਖ ਜਾਂ ਸੰਪਰਦਾ ਹੋਣ ਦੀ ਵਿਧਾਨਕ ਪ੍ਰਵਾਨਗੀ ਦੇਣਾ ਹੈ। ਸਿਖ ਕਹੀ ਜਾਣ 'ਹਮ ਹਿੰਦੂ ਨਹੀਂ' ਅਤੇ ਸਿਖ Scriptures (ਧਰਮ ਗ੍ਰੰਥ) ਵਿਚ ਪਿਆ ਲਿਖਿਆ ਰਹੇ—'ਨ ਹਮ ਹਿੰਦੂ ਨ ਮੁਸਲਮਾਨ', ਪਰ ਭਾਰਤ ਦਾ ਵਿਧਾਨ ਕਹਿੰਦਾ ਹੈ, ਸਿਖ ਹਿੰਦੂ ਹਨ, ਇਸ ਲਈ ਕਾਨੂੰਨ ਦੀ ਦੁਨੀਆ ਵਿਚ ਸਿਖ ਵਖਰੀ ਕੌਮੀਅਤ ਰਖਣ ਦਾ ਦਾਅਵਾ ਹਰਗਿਜ਼ ਨਹੀਂ ਕਰ ਸਕਦਾ।

ਆਜ਼ਾਦ ਭਾਰਤ ਦੀ ਗਣਤੰਤਰੀ ਅਤੇ ਕਹੀ ਜਾਂਦੀ ਸੈਕੂਲਰ ਸਰਕਾਰ ਦਾ ਇਹ ਸੀ ਤੀਜਾ ਅਹਿਮ ਫ਼ੈਸਲਾ, ਜਿਸ ਨੇ ਸਿਖ ਦੀ ਅਡਰੀ ਹੋਂਦ ਰੱਖਣ ਦਾ ਹੀ ਫ਼ਾਤਿਹਾ ਪੜ੍ਹ ਦਿਤਾ, ਤਾਂ ਕਿ ਨ ਬਾਂਸ ਹੋਵੇ ਅਤੇ ਨ ਸਿਖ ਦੀ ਬਾਂਸਰੀ ਬਜੇ। ਮੁਗਲ, ਪਠਾਣ ਤੇ ਅੰਗਰੇਜ਼ ਕਹੀ ਜਾਣ ਕਿ ਸਿਖ, ਮੁਸਲਮਾਨ ਤੇ ਹਿੰਦੂ ਤੋਂ ਵਖਰੀ ਦੇਸ਼ ਦੀ ਤੀਜੀ ਕੌਮ ਹੈ, ਪਰ ਜੇ ਆਜ਼ਾਦ ਭਾਰਤ ਦਾ ਵਿਧਾਨ ਕਹਿੰਦਾ ਹੈ ਕਿ ਸਿਖ ਹਿੰਦੂ ਹਨ ਤਾਂ ਕੌਣ ਹੈ ਜੋ ਇਸ ਨੂੰ ਚੈਲੰਜ ਕਰ ਸਕੇਗਾ ?

ਸੰਨ ੧੯੫੪ ਵਿਚ ਜਦੋਂ ਸਿਖ ਲੀਡਰ ਮਾਸਟਰ ਤਾਰਾ ਸਿੰਘ ਨੇ ਪੰਡਤ ਨਹਿਰੂ ਨੂੰ ਉਸ ਦੇ ਅਤੇ ਕਾਂਗਰਸ ਦੇ ੧੯੪੭ ਤੋਂ ਪਹਿਲੋਂ ਸਿਖਾਂ ਨੂੰ ਦਿਤੇ ਬਚਨਾਂ ਅਤੇ ਖਾਧੀਆਂ ਸਹੁੰਆਂ ਚਿਤਾਰੀਆਂ ਤਾਂ ਨਹਿਰੂ ਨੇ ਜਵਾਬ ਵਿਚ ਮਾਸਟਰ ਜੀ ਨੂੰ ਕਿਹਾ, 'now circumstances have changed' (ਹੁਣ ਹਾਲਾਤ ਬਦਲ ਚੁਕੇ ਹਨ) ਅਤੇ ਗ੍ਰਹਿ ਮੰਤਰੀ ਕਾਟਜੂ ਨੇ ਤਾਂ ਸਾਫ਼ ਹੀ ਕਹਿ ਦਿਤਾ ਕਿ ਸਿਖਾਂ ਦਾ ਭਵਿਖ ਹੁਣ ਮੰਗ ਕਰਦਾ ਹੈ ਅਤੇ ਸਿਖ-ਭਲਾਈ ਵੀ, ਇਸੇ ਵਿਚ ਹੈ ਕਿ ਉਹ ਆਪਣੀ ਨਿਆਰੀ ਹੋਂਦ ਨੂੰ ਛਡ ਕੇ ਹਿੰਦੂ ਧਰਮ ਦੀ ਸਰਬ-ਪੱਖੀ ਜਮਹੂਰੀਅਤ ਵਿਚ ਸ਼ਾਮਲ ਹੋ ਜਾਣ।



www.AKJ.Org

# ਲੋਕ ਸੱਚਮੁੱਚ ਪਾਗ਼ਲ ਹੋ ਗਏ ਹਨ

( ਡਾ: ਮਹੀਪ ਸਿੰਘ ਜੀ )

'ਨਵਭਾਰਤ ਟਾਈਮਜ਼' ਦੇ ਮੁਖ ਸੰਪਾਦਕ ਸ੍ਰੀ ਰਾਜਿੰਦਰ ਮਾਥੁਰ ਨੇ ੭ ਸਤੰਬਰ ਦੇ 'ਰਵੀਵਾਰ' ਵਿਚ ਹਿੰਸਾ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ 'ਸਰਦਾਰਾਂ' ਭਾਵ-ਸਿੱਖਾਂ ਨੂੰ ਪਾਗ਼ਲ ਕਰਾਰ ਦਿਤਾ ਹੈ। ਅਕਤੂਬਰ ੧੯੮੬ ਦੇ 'ਸੰਚੇਤਨਾ' ਦੇ ਸੰਪਾਦਕੀ ਵਿਚ ਡਾ: ਮਹੀਪ ਸਿੰਘ ਨੇ ਸ੍ਰੀ ਰਾਜਿੰਦਰ ਮਾਥੁਰ ਦੀ ਇਸ ਲਿਖਤ ਦਾ ਸਖ਼ਤ ਨੋਟਿਸ ਲਿਆ ਹੈ। ਅਸੀਂ ਸੰਚੇਤਨਾ ਦੀ ਇਹ ਸੰਪਾਦਕੀ ਜਿਉਂ ਦੀ ਤਿਉਂ ਪ੍ਰਕਾਸ਼ਤ ਕਰ ਰਹੇ ਹਾਂ।

—ਅਜੀਤ, ੨੦-੧੦-੮੬

ਕੀ ਸੱਚਮੁੱਚ ਹੀ ਇਸ ਦੇਸ਼ ਵਿਚ ਪਾਗਲਪਨ ਦਾ ਦੋਰ ਦੋਰਾ ਹੈ ਅਤੇ ਇਹ ਦੋਰ ਕੁਝ ਲੋਕਾਂ ਤੇ ਨਹੀਂ, ਬਲਕਿ ਇਕ ਪੂਰੇ ਫ਼ਿਰਕੇ, ਵਰਗ ਜਾਂ ਦੇਸ਼ ਤੇ ਆਇਆ ਹੋਇਆ ਹੈ ? ਸਾਡੇ ਦੋਸਤ ਸ੍ਰੀ ਰਾਜਿੰਦਰ ਮਾਥੁਰ ਮੰਨੇ ਪ੍ਰਮੰਨੇ ਪੱਤਰਕਾਰ ਹਨ ਅਤੇ ਹਿੰਦੀ ਦੇ ਸਭ ਤੋਂ ਵਡੇ ਕਹੇ ਜਾਣ ਵਾਲੇ ਅਖਬਾਰ 'ਨਵ ਭਾਰਤ ਟਾਈਮਜ਼' ਦੇ ਮੁਖ ਸੰਪਾਦਕ ਹਨ। ਇਸੇ ਲਈ ਉਹਨਾਂ ਦੀ ਗੱਲ ਵਿਚ ਕੁਝ ਵਜ਼ਨ ਵੀ ਹੋਣਾ ਹੀ ਚਾਹੀਦਾ ਹੈ। ਉਹਨਾਂ ਨੇ ੭ ਸਤੰਬਰ ਦੇ 'ਰਵੀਵਾਰ' ਵਿਚ ਹਿੰਸਾ ਦੇ ਸੰਬੰਧ ਵਿਚ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਇਹ ਸਿੱਟਾ ਕਢਿਆ ਹੈ ਕਿ 'ਪੰਜਾਬ ਦੇ ਹਾਲਾਤ ਲਈ ਪਾਗਲ ਸਰਦਾਰ ਜ਼ਿੰਮੇਵਾਰ ਹਨ', ਜੋ 'ਪਛਾਣ-ਪਛਾਣ' ਅਤੇ ਹੋਰ ਪਤਾ ਨਹੀਂ ਕੀ ਕੀ ਰੌਲਾ ਪਾਉਂਦੇ ਰਹਿੰਦੇ ਹਨ ? ਕਿਸ ਗੱਲ ਦੀ ਪਛਾਣ ? ਹੁਣ ਉਹਨਾਂ ਨੂੰ ਬਾਲ ਠਾਕਰੇ, ਸੁਰਿੰਦਰ ਕੁਮਾਰ ਬਿੱਲਾ ਪਛਾਣ ਦੱਸਣਗੇ।' ਤਿੰਨ ਸੋ ਸਾਲ ਪਹਿਲਾਂ ਔਰੰਗਜ਼ੇਬ ਦੇ ਮੂੰਹੋਂ ਵੀ ਸ਼ਾਇਦ ਇਹੀ ਸ਼ਬਦ ਨਿਕਲੇ ਸਨ—'ਪਾਗਲ ਹਿੰਦੂ ਤਿਲਕ ਅਤੇ ਜਨੇਊ ਨਾਲ ਆਪਣੀ ਪਛਾਣ ਕਾਇਮ ਰੱਖਣੀ ਚਾਹੁੰਦੇ ਹਨ...' ਕਿਹੜੀ ਗੱਲ ਦੀ ਪਛਾਣ ? ਹੁਣ ਮੈਂ ਇਹਨਾਂ ਨੂੰ ਪਛਾਣ ਦੱਸਾਂਗਾ। ਰਾਜਿੰਦਰ ਮਾਥੁਰ ਜਿਨ੍ਹਾਂ ਸਰਦਾਰਾਂ ਤੋਂ ਤੰਗ ਹੈ, ਹਿਟਲਰ ਉਨ੍ਹਾਂ ਹੀ ਯਹੂਦੀਆਂ ਤੋਂ ਤੰਗ ਸੀ। ਇਸ ਲਈ ਉਸ ਨੇ ਹੋਰ ਕੁਝ ਨਹੀਂ ਕੀਤਾ, ਸਿਰਫ਼ ਏਨਾ ਹੀ ਕੀਤਾ ਕਿ ੬੦ ਲਖ ਯਹੂਦੀਆਂ ਨੂੰ ਗੈਸ ਚੈਂਬਰਾਂ 'ਚ ਸੁਟਵਾ ਕੇ ਮਰਵਾ ਦਿਤਾ। ਇਹ ਗੱਲ ਹੋਰ ਹੈ ਕਿ ਹਿਟਲਰ ਦੀ ਸਾਰੀ ਕੋਸ਼ਿਸ਼ ਦੇ ਬਾਵਜੂਦ 'ਬੇਸ਼ਰਮ' ਯਹੂਦੀਆਂ ਦੀ ਪਛਾਣ ਖ਼ਤਮ ਹੋਣੀ ਤਾਂ ਦੂਰ ਰਹੀ, ਇਸਰਾਈਲ ਵਰਗਾ ਦੇਸ਼ ਬਣਾ ਕੇ ਉਹ ਕਿੰਨਿਆਂ ਦੀ

---

❀ਨਿਰਾਦ ਚੋਧਰੀ ਨੇ ਆਪਣੀ ਪੁਸਤਕ 'Tne Island of Circle' ਵਿਚ ਉਸ ਸਮੇਂ ਹੀ ਕੁਝ ਅਜਿਹੇ ਸ਼ਬਦ ਲਿਖੇ ਸਨ :—

"ਇਸ ਵੇਲੇ ਹਿੰਦੂ, ਹਿੰਦੁਸਤਾਨ ਦੇ ਮਾਲਕ ਅਤੇ ਹੁਕਮਰਾਨ ਹਨ, ਉਹਨਾਂ ਨੂੰ ਇਹ ਰਾਜ-ਸਤਾ ਕਈ ਸਦੀਆਂ ਪਿਛੋਂ ਮਿਲੀ ਹੈ ਅਤੇ ਉਹਨਾਂ ਨੂੰ ਇਸ ਗੱਲ ਦਾ ਪੂਰਾ ਗਿਆਨ, ਸ਼ਾਇਦ ਲੋੜ ਤੋਂ ਵਧ ਗਿਆਨ ਹੈ। ਪਰਚੱਲਤ ਜੱਟ ਭਾਸ਼ਾ ਅਨੁਸਾਰ ਗ਼ੈਰ ਹਿੰਦੂ ਹਨ ਤਾਂ ਮਾਮੂਲੀ ਘਟ-ਗਿਣਤੀ—"

ਅਜਿਹੇ ਬੋਲ ਸੁਣ ਪੜ੍ਹ ਕੇ ਹੀ ਸ: ਕਪੂਰ ਸਿੰਘ ਇਉਂ ਕਹਿਣ ਲਈ ਮਜਬੂਰ ਹੋਇਆ ਸੀ ਕਿ ਇਸ ਆਜ਼ਾਦ ਹਿੰਦ ਵਿਚ ਹੁਣ ਸਿਖਾਂ ਦੀ ਕਿਹੜੀ ਥਾਂ ਹੈ ? ਕੀ ਸਿਖ ਹੁਣ ਚੁਪ ਚਾਪ ਅਤੇ ਵਡੀ ਅਧੀਨਗੀ ਸਹਿਤ ਆਪਣੀ ਨਿਆਰੀ ਹੋਂਦ ਵਲੋਂ ਹੱਥ ਧੋਂਦੇ ਹੋਏ ਆਪਣੇ ਧਰਮ ਦਾ ਸ੍ਵੈ-ਘਾਤ ਹੋਇਆ ਪ੍ਰਵਾਨ ਕਰਕੇ ਇਸਦੇ ਬਚਾਉ ਹਿਤ ਕੁਝ ਕਰਨ ਦਾ ਖ਼ਿਆਲ ਹੀ ਛਡ ਦੇਣ ਅਤੇ ਆਪਣੀ ਮੌਤ ਹੋ ਗਈ ਸਮਝ ਲੈਣ ?

(ਛਪੀ ਪੁਸਤਕ 'ਕਿਉਂ ਕੀਤੇ ਵੇਸਾਹ' ਵਿਚੋਂ



www.AKJ.Org

ਛਾਤੀ ਤੇ ਮੂੰਗ ਦਲ ਰਹੇ ਹਨ।

ਮੁਸ਼ਕਿਲ ਇਹੀ ਹੈ ਕਿ ਰਾਜਿੰਦਰ ਮਾਥੁਰ ਕੋਲ ਨਾ ਔਰੰਗਜ਼ੇਬ ਵਾਲੀ ਤਾਕਤ ਹੈ, ਨਾ ਹਿਟਲਰ ਵਾਲੀ। ਉਹਨਾਂ ਨੂੰ ਆਪਣੀ ਤਾਕਤ ਕੁਝ ਲੋਕਾਂ ਦੀ ਚਰਨ ਘੁਟਣ ਨਾਲ ਪ੍ਰਾਪਤ ਹੁੰਦੀ ਹੈ, ਜਿਸ ਦਾ ਉਹ ਸਮੇਂ ਸਮੇਂ ਤੇ ਭਰਪੂਰ ਇਸਤੇਮਾਲ ਕਰਦੇ ਰਹਿੰਦੇ ਹਨ। ਪਰ ਉਹਨਾਂ ਅੰਦਰ, ਜੋ ਅਸਲੀ ਆਦਮੀ ਹੈ, ਉਸ ਦੀ ਸ਼ਕਲ ਹਿਟਲਰ ਵਰਗੇ ਕਿਸੇ ਆਦਮੀ ਨਾਲ ਬਹੁਤ ਮਿਲਦੀ ਹੈ। ਇਕ ਵਾਰ ਹਿਟਲਰ ਨੇ ਆਪਣੇ ਕਿਸੇ ਦੋਸਤ ਨੂੰ ਕਿਹਾ ਸੀ– 'ਸਾਨੂੰ ਕਿਸੇ ਯੋਜਨਾ ਬੱਧ ਤਰੀਕੇ ਨਾਲ ਆਬਾਦੀ ਨੂੰ ਖਤਮ ਕਰ ਦੇਣਾ ਚਾਹੀਦਾ ਹੈ, ਮੈਨੂੰ ਅਧਿਕਾਰ ਹੈ ਕਿ ਮੈਂ ਗ਼ੈਰ-ਜਰਮਨਾਂ ਨੂੰ, ਜੋ ਕੀੜੇ ਮਕੌੜਿਆਂ ਵਾਂਗ ਵਧ ਗਏ ਹਨ, ਖ਼ਤਮ ਕਰ ਦੇਵਾਂ।' ਰਾਜਿੰਦਰ ਮਾਥੁਰ ਦਾ ਖ਼ਿਆਲ ਹੈ ਕਿ ਦਸ ਵੀਹ ਤਾਂ ਕੀ, ਦਸ ਵੀਹ ਲੱਖ ਲੋਕਾਂ ਦੇ ਮਾਰੇ ਜਾਣ ਦੀ ਕੋਈ ਚਿੰਤਾ ਨਹੀਂ ਕੀਤੀ ਜਾਣੀ ਚਾਹੀਦੀ। ਸਿਰਫ ਮਕਸਦ ਸਾਫ ਹੋਣਾ ਚਾਹੀਦਾ ਹੈ, ਉਹੋ ਜਿਹਾ ਸਾਫ਼ ਜਿਵੇਂ ਹਿਟਲਰ ਦੇ ਸਾਹਮਣੇ ਸਾਫ ਸੀ। ਸ੍ਰੀ ਮਾਥੁਰ ਆਪਣੇ ਹਾਲ ਹੀ ਦੇ ਲੇਖਾਂ ਵਿਚ ਇਹ ਗੱਲ ਕਿੰਨੀ ਵਾਰ ਲਿਖ ਚੁਕੇ ਹਨ ਕਿ ਪਿਛਲੇ ਕੁਝ ਹੀ ਸਾਲਾਂ ਵਿਚ ਸੰਸਾਰ ਦੇ ਅਨੇਕ ਦੇਸ਼ਾਂ, ਖ਼ਾਸ ਕਰਕੇ ਲਾਤੀਨੀ ਅਮਰੀਕੀ ਦੇਸ਼ਾਂ ਵਿਚ ਲੱਖਾਂ ਲੋਕ ਮਾਰੇ ਜਾ ਚੁਕੇ ਹਨ, ਇਸ ਲਈ ਜੇਕਰ ਇਹ ਸਾਰਾ ਕੁਝ ਭਾਰਤ ਵਿਚ ਹੋਵੇ ਤਾਂ ਕੀ ਬੁਰਾ ਹੈ। ਸ੍ਰੀ ਮਾਥੁਰ ਬੜੀ ਬੇਬਾਕੀ ਨਾਲ ਇਹ ਵੀ ਕਹਿੰਦੇ ਹਨ ਕਿ 'ਜੇਕਰ ਗੱਲਬਾਤ ਮੁਸ਼ਕਿਲ ਹੋ ਜਾਵੇ ਤਾਂ ਜੋ ਵਧੇਰੇ ਵੱਡਾ ਤਬਕਾ ਹੈ ਉਸ ਨੂੰ ਆਪਣੀ ਰਾਏ ਛੋਟੇ ਤਬਕੇ ਤੇ ਥੋਪਣੀ ਹੋਵੇਗੀ। ਇਸ ਲਈ ਚਾਹੇ ਦਮਨ ਵੀ ਕਰਨਾ ਪਵੇ। ਇਹੀ ਲੋਕ-ਤੰਤਰ ਦਾ ਮਤਲਬ ਹੈ।' ਮਤਲਬ ਇਹ ਕਿ ਹਿੰਦੁਸਤਾਨ 'ਚ ਹਿੰਦੂ ਵੱਡਾ ਤਬਕਾ ਹੈ, ਉਸ ਨੂੰ ਆਪਣੀ ਗੱਲ ਛੋਟੇ ਤਬਕਿਆਂ ਤੇ ਠੋਸਣੀ ਚਾਹੀਦੀ ਹੈ, ਉਹਨਾਂ ਦੀ ਦਮਨ ਕਰਕੇ। ਜੈਵਰਧਨੇ ਸ੍ਰੀਲੰਕਾ ਵਿਚ ਬਿਲਕੁਲ ਇਹੀ ਕੰਮ ਕਰ ਰਹੇ ਹਨ। ਭਾਰਤ ਦੇ 'ਪਾਗਲ ਸਰਦਾਰਾਂ' ਦੀ ਤਰ੍ਹਾਂ ਸ੍ਰੀਲੰਕਾ ਵਿਚ 'ਪਾਗਲ (ਤਾਮਿਲ) ਹਿੰਦੂ' ਆਪਣੀ ਪਛਾਣ ਪਛਾਣ ਦਾ ਰੌਲਾ ਪਾ ਰਹੇ ਹਨ ਅਤੇ ਸ੍ਰੀਲੰਕਾ ਦੇ ਵੱਡੇ ਤਬਕੇ (ਸਿਨਹਾਲੀਆਂ) ਨਾਲ ਬਣੀ ਫੌਜ ਉਨ੍ਹਾਂ ਤੇ ਭਰਪੂਰ ਜ਼ੁਲਮ ਕਰ ਰਹੀ ਹੈ।

ਮੁਸੀਬਤ ਪਛਾਣ ਦੀ ਹੈ। ਅਸਾਮੀ ਲੋਕ ਕਿੰਨੇ ਹੀ ਸਾਲ ਆਪਣੀ ਪਛਾਣ ਲਈ ਲੜਦੇ ਰਹੇ। ਦਾਰਜੀ-ਲਿੰਗ ਦੇ ਹਿੰਦੂ ਗੋਰਖਿਆਂ ਨੇ ਸੰਸਾਰ ਦੇ ਇਕ ਮਾਤਰ 'ਹਿੰਦੂ ਰਾਸ਼ਟਰ' ਨੇਪਾਲ ਦੀ ਮਦਦ ਨਾਲ ਆਪਣੀ ਪਛਾਣ ਦੀ ਲੜਾਈ ਸ਼ੁਰੂ ਕਰ ਦਿਤੀ ਹੈ।

ਤਾਮਿਲਨਾਡੂ ਵਾਲੇ ਆਪਣੀ ਪਛਾਣ ਲਈ ਸੰਵਿਧਾਨ ਦੀਆਂ ਕਾਪੀਆਂ ਵਿਚੋਂ ਉਸ ਅੰਸ਼ ਨੂੰ ਅੱਗ ਲਗਾ ਰਹੇ ਹਨ ਜਿਸ ਵਿਚ ਹਿੰਦੀ ਨੂੰ ਭਾਰਤੀ ਦੀ ਰਾਜ-ਭਾਸ਼ਾ ਬਨਾਉਣ ਦੀ ਗੱਲ ਕਹੀ ਗਈ ਹੈ। ਜਿਸ ਬਾਲ ਠਾਕਰੇ ਦੀ ਰਾਜਿੰਦਰ ਮਾਥੁਰ ਨੇ ਦੁਹਾਈ ਦਿਤੀ ਹੈ ਉਸ ਨੇ ਮਹਾਰਾਸ਼ਟਰ (ਖਾਸ ਕਰਕੇ ਬੰਬਈ) ਵਿਚ ਮਰਾਠਿਆਂ ਦੀ ਪਛਾਣ ਸੁਰੱਖਿਅਤ ਰੱਖਣ ਲਈ ਸ਼ਿਵਾ ਜੀ ਦੇ ਫੌਜੀਆਂ ਦਾ ਜੋ ਸੰਗਠਨ ਖੜਾ ਕੀਤਾ ਹੈ, ਉਸ ਨੇ ਦੱਖਣ ਭਾਰਤੀ ਅਤੇ ਗੁਜਰਾਤੀ ਹਿੰਦੂਆਂ ਦੀ ਪਿਛਲੇ ੨੫ ਸਾਲ ਵਿਚ ਕਾਫ਼ੀ 'ਸੇਵਾ' ਕੀਤੀ ਹੈ। ਇਨ੍ਹਾਂ ਸਭ ਪਾਗਲਾਂ ਦਾ ਦਮਨ ਕਿਸ ਤਰ੍ਹਾਂ ਹੋਵੇ?

ਸ੍ਰੀ ਰਾਜਿੰਦਰ ਮਾਥੁਰ ਨੂੰ ਇਹ ਗੱਲ ਕੌਣ ਦੱਸੇ ਕਿ ਸੰਸਾਰ ਵਿਚ ਜਦ ਵੀ ਪਾਗਲਪਨ ਦਾ ਕੋਈ ਦੌਰ ਆਇਆ ਹੈ, ਉਹ ਕੁਝ ਇਕ ਲੋਕਾਂ ਰਾਹੀਂ ਹੀ ਆਇਆ ਹੈ।

ਉਹਨਾਂ ਦੇ ਕੰਮਾਂ, ਉਹਨਾਂ ਦੇ ਕਾਰਜਾਂ ਅਤੇ ਪਾਗਲਪਨ ਵਿਚ ਇਕੱਠੀ ਕੀਤੀ ਗਈ ਅੰਨ੍ਹੀ ਤਾਕਤ ਨੇ ਹੀ ਸੰਸਾਰ ਨੂੰ ਈਰਖਾ ਅਤੇ ਵਿਨਾਸ਼ ਵਲ ਹੋਰ ਧੱਕਿਆ ਹੈ। ਔਰੰਗਜ਼ੇਬ, ਹਿਟਲਰ, ਜੈਵਰਧਨੇ, ਇੰਦਰਾ ਗਾਂਧੀ ਅਤੇ ਰਾਜਿੰਦਰ ਮਾਥੁਰ ਵਰਗੇ ਵਿਅਕਤੀ ਹੀ ਹਨ। **ਇਹਨਾਂ ਨੂੰ ਪਿਆ ਹੋਇਆ ਪਾਗਲਪਨ ਦਾ ਦੌਰਾ ਕਿਹੋ ਜਿਹੇ ਰੰਗ ਦਿਖਾਉਂਦਾ ਹੈ, ਕੁਝ ਅਸੀਂ ਦੇਖ ਚੁਕੇ ਹਾਂ ਤੇ ਕੁਝ ਅੱਗੇ ਦੇਖਾਂਗੇ।**



www.AKJ.Org

ਗਿ: ਗੋਪਾਲ ਸਿੰਘ ਜੀ ਮਿੱਤਰ—ਦੋ ਕਵਿਤਾਵਾਂ

# ਨਾਲ ਪਿਆਰ ਦੇ ਗੱਲ ਵੀ ਕਰ ਵੇਖੋ

ਲੇਖੇ ਵਿਚ ਨਹੀਂ ਕਦੀ ਵੀ ਆ ਸਕਦਾ, ਕੀਤਾ ਦੇਸ ਦੇ ਨਾਲ ਜੋ ਪਿਆਰ ਅਸੀਂ।
ਰੱਸੇ ਫਾਂਸੀਆਂ ਦਾਰਾਂ ਦੇ ਅਸੀਂ ਚੁੰਮੇ, ਦਿਤੀਆਂ ਦੇਸ਼ ਖ਼ਾਤਰ ਜਾਨਾਂ ਵਾਰ ਅਸੀਂ।
ਡੱਕੇ ਜੇਲ੍ਹਾਂ ਵਿਚ ਸਭ ਤੋਂ ਵਧੀਕ ਅਸੀਂ, ਖਾਧੀ ਸਾਰਿਆਂ ਤੋਂ ਵਧ ਮਾਰ ਅਸੀਂ।
ਕੈਦਾਂ ਕਟੀਆਂ ਦੇਸ਼-ਸੁਤੰਤਰਤਾ ਲਈ, ਕੱਢੀ ਦੇਸ਼ 'ਚੋਂ ਗੋਰੀ ਸਰਕਾਰ ਅਸੀਂ।
ਹੁਣ ਵੀ ਦੇਸ਼ ਤੇ ਔਕੜ ਕੋਈ ਬਣੀ ਆ ਕੇ, ਖੜੇ ਹੋਵਾਂਗੇ ਅਗਲੀ ਕਤਾਰ ਅਸੀਂ।
ਅਮਨ ਦੇਸ਼ ਅੰਦਰ ਅਸੀਂ ਚਾਹੁੰਦੇ ਹਾਂ, ਹੈਗੇ ਦੇਸ਼ ਦੇ ਫਰਮਾਂ-ਬਰਦਾਰ ਅਸੀਂ।੧।

ਅਸੀਂ ਕਦੀ ਵੀ ਨਹੀਂ 'ਆਤੰਕਵਾਦੀ' ਸਾਡੇ ਲਈ ਇਹ ਨਾਮ ਕਿਉਂ ਘੜੇ ਕੋਈ।
'ਖਸਮ ਕਰੇ ਨਾਨੀ ਚੱਟੀ ਭਰੇ ਦੋਹਤਾ', ਮਾਰੇ ਕੋਈ, ਕਟਹਿਰੇ ਵਿਚ ਖੜੇ ਕੋਈ।
ਸਾਰਾ ਪ੍ਰੈਸ ਅਜ ਸਾਨੂੰ ਬਦਨਾਮ ਕਰਦੈ, ਸਾਡੇ ਸਿਰ ਸਾਰਾ ਦੋਸ਼ ਮੜ੍ਹੇ ਕੋਈ।
ਜਿਹੜੇ ਏਕਤਾ ਨੂੰ ਸੱਟ ਮਾਰਦੇ ਨੇ, ਕਿਉਂ ਨਾ ਉਨ੍ਹਾਂ ਦੇ ਨਾਲ ਜਾ ਲੜੇ ਕੋਈ।
ਕਰਦਾ ਹਰਕਤਾਂ ਭੇਸ ਵਟਾ ਕੇ ਤੇ, ਬਨੀਆ ਭੰਗੀ ਕਲਾਲ ਵੀ ਹੋ ਸਕਦੈ।
ਸਿਰ ਮੂੰਹ ਮੁਨਾ ਕੇ ਜੱਟ ਕੋਈ, ਕਿਸੇ ਮਾਈ ਦਾ ਲਾਲ ਵੀ ਹੋ ਸਕਦੈ।੨।

ਨੀਲੀ ਪੱਗ ਸੰਵਾਰ ਕੇ ਚਤੁਰ ਕੋਈ, ਕੇਸ ਦਾੜ੍ਹੀ ਬਨੌਟੀ ਵੀ ਲਾ ਸਕਦੈ।
ਦੇਸ਼-ਧਰੋਹੀ ਜੇ ਬਣਨ ਦਾ ਚਾਅ ਹੋਵੇ, ਹਰ ਪ੍ਰਕਾਰ ਦਾ ਭੇਸ ਬਦਲਾ ਸਕਦੈ।
ਮੜ੍ਹਨਾ ਹੋਵੇ ਜੇ ਕਿਸੇ ਸਿਰ ਦੋਸ਼ 'ਮਿੱਤਰ', ਪੈਸਾ ਦੇ ਕੇ ਬੰਦਾ ਮਰਵਾ ਸਕਦੈ।
ਕਰਨ ਲਈ ਬਦਨਾਮ ਉਹ ਦੂਜਿਆਂ ਨੂੰ, ਫੱਟ ਆਪ ਸਰੀਰ ਤੇ ਲਾ ਸਕਦੈ।
ਕਿਸੇ ਦੁੱਖ ਵਿਚ ਸੜਦਾ ਜੇ ਕੋਈ ਬੰਦਾ, ਜੇਕਰ ਇਹੋ ਜਿਹਾ ਕੋਈ ਗੁਨਾਹ ਕਰਦੈ।
ਉਹਦਾ ਅੰਦਰਲਾ ਵੀ ਤਾਂ ਟਟੋਲ ਵੇਖੋ, ਕਿਉਂ ਉਹ ਦੇਸ਼ ਦਾ ਅਮਨ ਤਬਾਹ ਕਰਦੈ।੩।

ਰਾਮ ਜੇਠ ਮਲਾਨੀ ਦੀ ਤਕਰੀਰ ਪੜ੍ਹ ਕੇ—

ਸਖ਼ਤੀ ਨਾਲ ਜੇ ਆਉਂਦਾ ਨਹੀਂ ਕਾਬੂ, ਨਾਲ ਪਿਆਰ ਦੇ ਗੱਲ ਵੀ ਕਰ ਵੇਖੋ।
ਦੇਸ਼ ਏਕਤਾ ਅਤੇ ਅਖੰਡਤਾ ਨੂੰ, ਪਹਿਲੇ ਪਲੜੇ ਤਰਾਜ਼ੂ ਤੇ ਧਰ ਵੇਖੋ।
ਪੁੱਤ ਮਾਵਾਂ ਦੇ ਜਿਹੜੇ ਕੁਰਾਹੇ ਪੈ ਗਏ, ਉਜੜ ਰਹੇ ਨੇ ਉਨ੍ਹਾਂ ਦੇ ਘਰ ਵੇਖੋ।
ਚੰਗੇ ਬੰਦਿਆਂ ਕਿਹੜਾ ਕਸੂਰ ਕੀਤੈ, ਰਹੇ ਜੇਲ੍ਹਾਂ ਦੇ ਵਿਚ ਜੋ ਸੜ ਵੇਖੋ।
ਸੱਚੀ ਗੱਲ ਹੈ 'ਮਿੱਤਰ' ਜੀ ਕੰਮ ਜਿਹੜਾ, ਸਖ਼ਤੀ ਨਾਲ ਵੀ ਰਾਸ ਨਾ ਆਉਂਦਾ ਏ।
ਨਾਲ ਪਿਆਰ ਮੁਹੱਬਤ ਦੇ ਉਹੀ ਮਸਲਾ, ਸਮਾਂ ਆਉਣ ਤੇ ਹਲ ਹੋ ਜਾਉਂਦਾ ਏ।੪।

# ਇਨਸਾਨੀਅਤ ਅੱਜ ਰੋ ਰੋ ਪੁਕਾਰਦੀ ਹੈ

ਸਾਇੰਸਦਾਨ ! ਤੂੰ ਅਰਸ਼ ਦੇ ਕਿੰਗਰੇ ਤੇ ਪਹੁੰਚ ਜਾਣ ਦੀਆਂ ਸ਼ੇਖੀਆਂ ਮਾਰਦਾ ਏਂ।
ਰਾਕਟ ਭੇਜ ਕੇ ਨਵੇਂ ਤੋਂ ਨਵੇਂ ਅਜ ਕਲ੍ਹ, ਚੰਨ ਤਾਰਿਆਂ ਤਾਈਂ ਵੰਗਾਰਦਾ ਏਂ।
ਬਦਲਾਂ ਬਿਜਲੀਆਂ ਦੇ ਨਾਲ ਖੇਡਦਾ ਏਂ, ਤੇ ਆਕਾਸ਼ ਵਿਚ ਮਹਿਲ ਉਸਾਰਦਾ ਏਂ।
ਗਾਹ ਰਿਹਾ ਏਂ ਅੰਧ-ਮਹਾਂ ਸਾਗਰਾਂ ਨੂੰ, ਪਿਆ ਪਰਬਤਾਂ ਨੂੰ ਵੀ ਲਲਕਾਰਦਾ ਏਂ।
ਕਰ ਕੇ ਨਵੀਂ ਈਜਾਦ ਬਣਾਏ ਜਗ ਵਿਚ, ਜਨਤਾ-ਮਾਰ-ਮੁਕਾਣੇ ਹਥਿਆਰ ਤੈਂ ਨੇ।
ਤੋਪਾਂ ਰੈਫ਼ਲਾਂ ਐਟਮ ਤੇ ਹਾਈਡਰੋਜਨ, ਘੜੇ ਜਗ ਵਿਚ ਮਾਨਵ-ਸੰਘਾਰ ਤੈਂ ਨੇ।੧।


www.AKJ.Org

ਮੰਨ ਲਿਆ ਤੂੰ ਸਾਇੰਸ ਦੇ ਬਲ ਬੋਤੇ, ਹਲ ਕਰ ਲਵੇਂਗਾ ਮਸਲੇ ਸਾਰਿਆਂ ਨੂੰ ।
ਲਾਹ ਲਵੇਂਗਾ ਅਰਸ਼ ਦੀਆਂ ਟਾਲੀਆਂ ਵੀ, ਫੜ ਲਵੇਂਗਾ ਚੰਨ ਤੇ ਤਾਰਿਆਂ ਨੂੰ ।
ਅਜਬ ਨਹੀਂ ਤੂੰ ਮੁੱਠੀ ਵਿਚ ਕਰ ਲਵੇਂਗਾ, ਦਿਸਦੇ ਇਹਨ੍ਹਾਂ ਕੁਦਰਤੀ ਨਜ਼ਾਰਿਆਂ ਨੂੰ ।
ਤੇਰੀ ਹਵਸ ਤਾਂ ਫਿਰ ਵੀ ਨਾ ਮੁੱਕਣੀ ਏ, ਠਲ੍ਹ ਪਊ ਨਾ ਤੇਰੇ ਹੁਲਾਰਿਆਂ ਨੂੰ ।
ਝਾਤੀ ਮਾਰ ਕੇ ਅਕਲ ਦੇ ਪਰਦਿਆਂ ਵਿਚ, ਜ਼ਰਾ ਸੋਚ ਕਿਹੜੇ ਪਾਸੇ ਜਾ ਰਿਹਾ ਏਂ ।
ਉੱਨਤ ਹੋਣ ਲਗੈਂ ਤਾਂ ਬਰਬਾਦੀਆਂ ਨੂੰ, ਮਾਰ ਮਾਰ ਕੇ ਵਾਜਾਂ ਬੁਲਾ ਰਿਹਾ ਏਂ ।੨।

ਕੋਈ ਸਮਾਂ ਸੀ ਤੇਰਾ ਦਿਲ ਸ਼ਾਂਤ ਹੈਸੀ, ਭਾਵੇਂ ਘੁਰਨਿਆਂ ਬਨਾਂ ਵਿਚ ਵੱਸਦਾ ਸੈਂ ।
ਕੰਦ ਮੂਲ ਖਾ ਜੀਵਨ-ਅਨੰਦ ਮਾਣੇਂ, ਸੰਗ ਪਰਵਾਰ ਦੇ ਖੇਡਦਾ ਹੱਸਦਾ ਸੈਂ ।
ਚਿੰਤਾ ਫ਼ਿਕਰ ਤੈਥੋਂ ਕੋਹਾਂ ਦੂਰ ਹੈਸੀ, ਆਤਮਾ-ਨੰਦ ਵਿਚ ਵਿਚਰ ਵਿਗਸਦਾ ਸੈਂ ।
ਮਾਰ ਧਾੜ ਦੀ ਤੈਨੂੰ ਨਾ ਖ਼ਬਰ ਹੈਸੀ, ਨਾ ਖੁਹਾਉਂਦਾ ਸੈਂ ਤੇ ਨਾ ਖੱਸਦਾ ਸੈਂ ।
ਸੁਖੀ ਵੱਸਦਾ ਸੈਂ ਹਰ ਸਮੇਂ ਹੀ ਤੂੰ, ਡਰ ਸਹਿਮ ਦਾ ਨਾਂ-ਨਿਸ਼ਾਨ ਨਹੀਂ ਸੀ ।
ਝੁੱਗੀ ਕਿਸੇ ਦੀ ਢਾਹੁਣੀ ਨਾ ਜਾਣਦਾ ਸੈਂ, ਅੰਦਰ ਤੇਰੇ ਇਹ ਹਉਮੈ ਅਭਿਮਾਨ ਨਹੀਂ ਸੀ ।੩।

ਕਾਇਮ ਕੀਤੀਆਂ ਫੇਰ ਸਰਦਾਰੀਆਂ ਤੂੰ, ਅੱਗੇ ਵਧਿਓਂ ਤੇ ਜਗੀਰਦਾਰ ਬਣਿਓਂ ।
ਟੁਰਦੀ ਗਈ ਅਗਾਂਹ ਨੂੰ ਅਕਲ ਤੇਰੀ, ਸਮਾਂ ਆਇਆ ਤੇ ਘੋੜ-ਸਵਾਰ ਬਣਿਓਂ ।
ਲਸ਼ਕਰ ਫੌਜਾਂ ਨੂੰ ਚਾੜ੍ਹ ਕੇ ਦੇਸ਼ ਜਿੱਤੇ, ਬਾਦਸ਼ਾਹ ਅੱਤੇ ਤਾਜਦਾਰ ਬਣਿਓਂ ।
ਜਨਮ ਲਿਆ ਇਮਪੀਰੀਅਲ-ਇਜ਼ਮ ਏਦਾਂ, ਮੁੱਕਾ ਪਿਆਰ ਤੇ ਕ੍ਰਾਂਤਿ ਅਵਤਾਰ ਬਣਿਓਂ ।
ਦੁਨੀਆ ਆਖਦੀ ਏ ਕਿ ਤੂੰ ਜਾਗ ਪਿਆ ਏਂ, ਮੈਂ ਤੇ ਇਸ ਨੂੰ ਕਦੀ ਨਾ ਜਾਗ ਆਖਾਂ ।
ਮਾਨਵ-ਮਾਰ ਸੰਘਰਸ਼-ਮਾਹੌਲ ਤਕ ਕੇ, ਕਿਉਂ ਨਾ ਮੈਂ ਤੇਰੇ ਭੈੜੇ ਭਾਗ ਆਖਾਂ ।੪।

ਜਿਤ ਵਲ ਅੱਖ ਉਠਾ ਕੇ ਤੱਕਦਾ ਹਾਂ, ਹਰ ਇਕ ਰੂਹ ਕੁਰਲਾਉਂਦੀ ਦਿੱਸਦੀ ਏ ।
ਮਾਨਵਤਾ-ਖਲਵਾੜੇ ਨੂੰ ਅੱਗ ਲੱਗੀ, ਨਾ ਕੋਈ ਤਾਕਤ ਬੁਝਾਉਂਦੀ ਦਿੱਸਦੀ ਏ ।
ਇਨਸਾਨੀਅਤ ਅਜ ਰੋ ਰੋ ਪੁਕਾਰਦੀ ਏ, ਹਾਏ ! ਵਾਸਤੇ ਪਾਉਂਦੀ ਦਿੱਸਦੀ ਏ ।
ਦਾਨਵਤਾ ਅਜ ਪ੍ਰਧਾਨ ਬਣ ਕੇ, ਹਸਦੀ ਖਿਲ-ਖਿਲਾਉਂਦੀ ਦਿਸਦੀ ਏ ।
ਕਿਸੇ ਸਮੇਂ ਤੂੰ ਮੂਰਤ ਪਿਆਰ ਦੀ ਸੈਂ, ਤੇਰੀ ਸ਼ਕਲ ਅਜ ਰੂਪ ਸ਼ੈਤਾਨ ਦਿੱਸੇ ।
ਦਾਨਵ ਬਣ ਕੇ ਆ ਗਇਓਂ ਜੱਗ ਉੱਤੇ, ਵੇਖ ਕੰਬਦਾ ਜ਼ਿਮੀ ਅਸਮਾਨ ਦਿੱਸੇ ।੫।

ਪੁਤ ਆਦਮ ਦਾ ਅਜ ਮਰਦਮਖ਼ੋਰ ਬਣਿਐ, ਫਿਰਦਾ ਅਫਰਿਆ ਏ ਮਾਰੋ ਮਾਰ ਕਰਦਾ ।
ਦਿਸੇ ਪੀਂਵਦਾ ਖ਼ੂਨ ਬਿਦੋਸ਼ਿਆਂ ਦਾ, ਜਿੱਦਾਂ ਜੰਗਲ ਵਿਚ ਸ਼ੇਰ ਖ਼ੂੰ-ਖ਼ਾਰ ਕਰਦਾ ।
ਭੰਨ ਤੋੜ ਕਰ ਕੇ, ਗਠ-ਜੋੜ ਕਰ ਕੇ, ਜਗਤ ਖ਼ਾਤਮੇ ਦਾ ਪਿਆ ਆਹਰ ਕਰਦਾ ।
ਆਗੂ ਬਣ ਗਿਐਂ ਤੂੰ ਜੁਗ-ਗਰਦੀਆਂ ਦਾ, ਅਸਤਰ ਨਵੇਂ ਤੋਂ ਨਵੇਂ ਤਿਆਰ ਕਰਦਾ ।
ਮੁੱਢ ਕਾਲ ਤੋਂ ਅਜ ਤਕ ਦੀ ਉੱਨਤੀ ਨੂੰ, ਕੀ ਕਰੇਂਗਾ ਸਾੜ ਸੁਆਹ ਕਰ ਕੇ ?
ਕੰਮ ਆਉਣੀਆਂ ਕਿਹੜੇ ਮੀਜ਼ਾਇਲਾਂ ਇਹ, ਆਪ ਆਪਣੇ ਤਾਈਂ ਤਬਾਹ ਕਰ ਕੇ ।੬।

ਮੰਨ ਲਵਾਂਗੇ ਤੂੰ ਕਾਇਨਾਤ ਸਾਰੀ, ਦੋ ਤਿੰਨ ਬੰਬਾਂ ਦੇ ਨਾਲ ਉਡਾ ਦਏਂਗਾ ।
ਮਹਿਲ ਮਾੜੀਆਂ ਸੋਹਣੀਆਂ ਬਿਲਡਿੰਗਾਂ ਵੀ, ਵਿਚ ਪਲਾਂ ਦੇ ਕਰ ਸਫ਼ਾ ਦਏਂਗਾ ।
ਜੁਗਾਂ ਤੀਕ ਨਹੀਂ ਜੰਮਣਾ ਘਾਹ ਉਥੇ, 'ਨਾਗਾ ਸਾਕੀ' ਦੀ ਧਰਤ ਬਣਾ ਦਏਂਗਾ ।
ਜੀਵ ਜੰਤ ਦਰਿੰਦੇ ਪਰਿੰਦੇ ਸਾਰੇ, ਗੂੜ੍ਹੀ ਸਦਾ ਦੀ ਨੀਂਦ ਸੁਆ ਦਏਂਗਾ ।
ਕੀ ਮਿਲੂ ਤੈਨੂੰ ਏਸ ਰਾਹ ਤੁਰ ਕੇ ? ਪਿੱਛੇ ਲਗ ਗਿਐਂ ਕਿਉਂ ਭੈੜੇ ਕਾਰਿਆਂ ਦੇ ।
ਮੰਨ ਵਾਸਤਾ ਛੱਡ ਇਹ ਰਾਹ 'ਮਿੱਤਰ', ਵਚਨ ਮੰਨ ਲੈ ਰੱਬ ਪਿਆਰਿਆਂ ਦੇ ।੭।

www.AKJ.Org

# ਭਾਈ ਸੁਬੇਗ ਸਿੰਘ ਸ਼ਾਹਬਾਜ਼ ਸਿੰਘ

[ ਸ: ਅਤਰ ਸਿੰਘ 'ਨੀਰ' ਐਚ-ਪੀ ੧੧੦, ਪੀਤਮ ਪੁਰਾ, ਦਿੱਲੀ-੩੪ ]

ਪਿੰਡ ਜੁਬਰ ਜ਼ਿਲਾ ਲਾਹੌਰ । ਘੁਘ ਵਸਦਾ ਭੰਬੋਰ ।
ਸੂਬੇਗ ਸਿੰਘ ਸੀ ਜ਼ਿਮੀਦਾਰ । ਬਾ-ਰਸੂਖ਼ ਅਜਾਰੇਦਾਰ ।
ਫ਼ਾਰਸੀ ਦਾ ਚੰਗਾ ਵਿਦਵਾਨ । ਵਿਚ ਸਰਕਾਰੇ ਰਖਦਾ ਮਾਨ ।
ਸੂਬਾ ਉਥੇ ਜ਼ਕਰੀਆ ਖਾਨ । ਜਿਸ ਲਈ ਕੀਤੇ ਕੰਮ ਮਹਾਨ ।
ਸ਼ਾਹਬਾਜ਼ ਸੀ ਨੌਜਵਾਨ । ਸੁਬੇਗ ਸਿੰਘ ਦਾ ਪੁਤ ਜੁਆਨ ।
ਪੜ੍ਹਨੇ ਜਾਵੇ ਨਿਤ ਸਕੂਲ । ਮੌਲਵੀ ਦੇ ਮਨ ਉਠਿਆ ਸੂਲ ।
ਇਸ ਨੂੰ ਕਰ ਕੇ ਮੁਸਲਮਾਨ । ਧੀ ਵਿਆਹਵਾਂ ਪਾਵਾਂ ਮਾਨ ।
ਪਰ ਮੁੰਡੇ ਦੇ ਚੰਗੇ ਕਰਮ । ਪੱਕਾ ਸੀ ਵਿਚ ਸਿੱਖੀ ਧਰਮ ।
ਸਿਖ ਧਰਮ ਦਾ ਦਸ ਕੇ ਪਿਆਰ । ਕਾਜ਼ੀ ਨੂੰ ਕੀਤਾ ਇਨਕਾਰ ।
ਸੁਣ ਕੇ ਮੁਲਾਂ ਹੋਇਆ ਲਾਲ । ਕਰਨੇ ਲਗਾ ਕੂੜ ਪਲਾਨ ।
ਲਿਖ ਲਿਖ ਕੇ ਝੂਠੇ ਪੈਗ਼ਾਮ । ਕਦੇ ਸਵੇਰੇ ਕਦੇ ਸ਼ਾਮ ।
ਘਲ ਦੇਵੇ ਸੂਬੇ ਦੇ ਕੋਲ । ਮਨ ਆਈ ਵਿਸ ਘੋਲ ਘੋਲ ।
ਆਖੇ ਸਾਡਾ ਦੀਨ ਇਸਲਾਮ । ਕਰ ਦਿਤਾ ਇਨ੍ਹਾਂ ਬਦਨਾਮ ।
ਨਤ ਦਿਹਾੜੀ ਰਹੇ ਇਹ ਬੋਲ : ਹਜ਼ਰਤ ਸਾਹਿਬ ਲਈ ਬੋਲ ਕੁਬੋਲ ।
ਨਹੀਂ ਕਦੇ ਵੀ ਆਂਦਾ ਬਾਜ਼ । ਸੁਬੇਗ ਸਿੰਘਦਾ ਪੁਤ ਸ਼ਾਹ ਬਾਜ਼।
ਦੇਵੋ ਐਸੀ ਇਨ੍ਹਾਂ ਨੂੰ ਮਤ । ਜੁਰਅਤ ਕਦੇ ਵੀ ਕਰਨ ਨ ਵਤ ।
ਠਪੋ ਚੰਗੀ ਇਨ੍ਹਾਂ ਦੀ ਖੁੰਬ । ਇਸਲਾਮ ਦੇ ਵੈਰੀ ਦੇਵੋ ਤੁੰਬ ।
ਮਜ਼੍ਹਬੀ ਪਾਗਲ-ਪੁਣੇ ਦੀ ਅੱਗ । ਗਈ ਜ਼ੋਰ ਦੀ ਸੀਨੇ ਲਗ ।
ਨਾ-ਸ਼ੁਕਰੇਪਨ ਦੀ ਹੋਈ ਅੱਤ । ਸੂਬੇ ਦੀ ਮਾਰੀ ਗਈ ਮੱਤ ।
ਭੁਲ ਗਈ ਸਾਰੀ ਪਿਛਲੀ ਬਾਤ।ਸੁਬੇਗ ਸਿੰਘ ਦੀ ਜ਼ਾਤ ਸਫ਼ਾਤ ।
ਕੀਤੇ ਸਿੰਘ ਨੇ ਜੋ ਅਹਿਸਾਨ । ਤਅੱਸਬ ਦੇ ਵਿਚ ਭੁਲੇ ਆਨ ।
ਸਚ ਝੂਠ ਦੀ ਕਦੇ ਨ ਹੋਸ਼ । ਰਖਦੇ ਨੇ ਅਹਿਸਾਨ-ਫ਼ਰਾਮੋਸ਼ ।
ਪਿਉ ਪੁਤ ਦੋਹਾਂ ਨੂੰ ਫੜ । ਜੇਲ੍ਹ ਦੇ ਅੰਦਰ ਦਿਤਾ ਧਰ ।
ਪਰ ਜ਼ਾਲਮ ਸਿਰ ਕੂਕੀ ਮੌਤ । ਜ਼ਕਰੀਆ ਛੇਤੀ ਹੋ ਗਿਆ ਫ਼ੌਤ ।
ਸਤਰਾਂ ਸੌ ਪੰਜਤਾਲੀ ਸੰਨ । ਕੀਤਾ ਗਿਆ ਗੋਰ ਦਫ਼ਨ ।
ਯਹੀਆਖਾਨ ਦੀ ਆਈ ਵਾਰ। ਇਹ ਸੀ ਵਧ ਜ਼ਹਿਰੀਲਾ ਖ਼ਾਰ।
ਨਿਤ ਨਵੇਂ ਵਰਤੇ ਹਥਿਆਰ । ਨਿਤ ਕਰੇਂਦਾ ਅਤਿਆਚਾਰ ।
ਕਢੇ ਜੇਲ੍ਹੋਂ ਪਿਉ ਤੇ ਪੁਤਰ । ਆਖੇ ਦੇਵੋ ਛੇਤੀ ਉਤਰ ।
ਮੈਨੂੰ ਭਾਂਦੀ ਨਹੀਂ ਏ ਦੇਰ । ਮੇਰਾ ਹੁਕਮ ਹੈ ਇਕੋ ਵੇਰ ।
ਜੇ ਹੋ ਜਾਵੋ ਮੁਸਲਮਾਨ । ਤਾਂ ਬਚ ਸਕਦੀ ਤੁਹਾਡੀ ਜਾਨ ।
ਪਰ ਦੁਹਾਂ ਨੇ ਕਿਹਾ ਗੱਜ : ਭੱਜ ਓਇ ਗੀਦਿਆ,ਇਥੋਂ ਭੱਜ ।
ਕਲਗੀਧਰ ਦੇ ਅਸੀਂ ਸਿਖ । ਨਹੀਂ ਕਦੇ ਵੀ ਮੰਗਦੇ ਭਿਖ ।



www.AKJ.Org

ਸਦਾ ਤਲੀ ਤੇ ਰਖੀ ਜਾਨ । ਸਾਨੂੰ ਨਹੀਂ ਹੈ ਮੌਤ ਡਰਾਨ ।
ਜੀਂਦਾ ਜਾਗਦਾ ਸਿਖੀ ਧਰਮ । ਸਭ ਨੂੰ ਦਸਦਾ ਇਹੋ ਕਰਮ ।
ਜ਼ੁਲਮ ਦੇ ਸਾਹਵੇਂ ਜਾਵੋ ਡੱਟ, ਭਾਵੇਂ ਗਲਾ ਜਾਵੇ ਕਟ ।
ਭਾਵੇਂ ਭਠੀਆਂ ਅੰਦਰ ਧਰ । ਭਾਵੇਂ ਤੂੰਬਾ ਤੂੰਬਾ ਕਰ ।
ਭਾਵੇਂ ਸੂਲੀ ਉਤੇ ਚਾੜ੍ਹ । ਭਾਵੇਂ ਦੇਗਾਂ ਦੇ ਵਿਚ ਕਾੜ੍ਹ ।
ਭਾਵੇਂ ਖੱਲੜੀ ਦੇ ਉਤਾਰ । ਭਾਵੇਂ ਸੁਟ ਦੇ ਡੂੰਘੀ ਧਾਰ ।
ਸਿਧਾ ਸਾਦਾ ਹੈ—ਐਲਾਨ; ਸੁਣ ਲੈ ਓਇ ਤੂੰ ਯਈਆ ਖ਼ਾਨ ।
ਸਭ ਤੋਂ ਸਿੱਖੀ ਹੈ ਸਿਰਮੌਰ । ਸਿੱਖੀ ਤੁਲ ਉਚਾ ਨਹੀਂ ਹੋਰ ।
ਪਰਚਮ ਇਸਦਾ ਉੱਚਾ ਮਹਾਨ, ਨਾਲ ਦੁਗਣੀ ਚੌਗੁਣੀ ਸ਼ਾਨ ।
ਲਹਿਰਾਵੇਗਾ ਵਿਚ ਆਕਾਸ਼, ਚੌਦਵੀਂ ਦੇ ਚੰਨ ਵਾਂਗੂ ਖ਼ਾਸ ।
ਲੋਕੀ ਕਰਸਨ ਝੁਕ ਸਲਾਮ, ਦਿਨ ਦੁਪਹਿਰ ਸੁਬਹ ਸ਼ਾਮ ।
ਪਰ ਤੇਰਾ ਇਹ ਜ਼ੁਲਮੀ ਰਾਜ, ਸਿਰ ਦਾ ਇਹ ਸੁਨਹਿਰੀ ਤਾਜ,
ਸਭ ਹੋ ਜਾਸਨ ਚਕਨਾਚੂਰ, ਜਿਉਂ ਅੰਬੀਆਂ ਦਾ ਕਚਾ ਬੂਰ ।
ਯੱਈਆ ਸੜਿਆ ਸੁਣ ਜੁਆਬ । ਮਾਰੋ ਮਾਰੋ ਨਾਲ ਅਜ਼ਾਬ ।
ਦੋਹਾਂ ਨੂੰ ਚਰਖੀ ਤੇ ਚਾੜ੍ਹ, ਛੁਰੀਆਂ ਦੇ ਸੰਗ ਦੇਵੋ ਪਾੜ ।
ਕੀਤਾ ਜ਼ਰਾ ਵੀ ਨ ਦਰੇਗ, ਸ਼ਾਹਬਾਜ਼ ਤੇ ਸਿੰਘ ਸੁਬੇਗ ।
ਕਲਗੀਧਰ ਦੇ ਬਾਂਕੇ ਲਾਲ, ਕਹਿੰਦੇ ਹੋਏ 'ਅਕਾਲ' 'ਅਕਾਲ' ।
ਚਰਖੀਆਂ ਉਤੇ ਗਏ ਚੜ੍ਹ । ਦੁਸ਼ਟਾਂ ਦਿਤੇ ਕੱਸ ਕੇ ਕੜ ।
ਦੋਵੇਂ ਚਰਖੀਆਂ ਵਾਰੋ ਵਾਰ, ਤੇਜ਼ ਤੇਜ਼ ਛੁਰੀਆਂ ਦੀ ਧਾਰ ।
ਹੌਲੀ ਹੌਲੀ ਰਹੀਆਂ ਚੀਰ, ਆਰੀਆਂ ਜਿਵੇਂ ਵਿਚ ਸ਼ਤੀਰ ।
ਇਹ ਦੋਵੇਂ ਵਿਚ ਸਿਦਕ ਕਮਾਲ, ਗਾਵਣ ਮਿੱਠੀ ਸੁਰ ਦੇ ਨਾਲ :
'ਜਨ ਕਉ ਪ੍ਰਭ ਅਪਨੇ ਕਾ ਤਾਣੁ । ਜੋ ਤੂੰ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ।'
ਜ਼ਾਲਮ ਦੇਵਣ ਅੱਤ ਦਾ ਦੁੱਖ । ਸਿਦਕੀ ਆਖਣ ਤੇਰਾ ਸੁਖ ।
ਚਰਖੀਆਂ ਚਲਣ ਘੂਕਰ ਨਾਲ । ਉਹ ਬੋਲਣ 'ਅਕਾਲ ਅਕਾਲ'।
ਚਰਖੀਆਂ ਦੇਵਣ ਜਦੋਂ ਖਲਾਰ । ਉਹ ਹੋਵਣ ਸਦਕੇ ਬਲਿਹਾਰ ।
ਚੜ੍ਹਦੀਆਂ ਕਲਾਂ 'ਚ ਦੋਵੇਂ ਬੀਰ, ਗਾਵਣ ਸਤਿਗੁਰ ਗਹਿਰ ਗੰਭੀਰ !
'ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ । ਸੇਵਕ ਕਉ ਗੁਰੁ ਸਦਾ ਦਇਆਲ ।'
ਅੰਤ ਨੂੰ ਦੋਵਾਂ ਦੀ ਅਵਾਜ਼ । ਅਰਸ਼ਾਂ ਤੇ ਕਰ ਗਈ ਪਰਵਾਜ਼ ।
ਦੁਨੀਆ ਕੀਤੀ ਜੈ-ਜੈ ਕਾਰ । ਨਾਲ ਸਿਦਕ ਦੇ ਸੌ ਸੌ ਵਾਰ ।
ਕੁਰਬਾਨੀ ਦੇ ਰੰਗ ਅਨੂਪ, ਸੁੰਦਰ ਕੀਤਾ ਸਿੱਖੀ ਰੂਪ ।

ਧਰਮ ਦੇ ਉਤੋਂ ਹੋ ਕੁਰਬਾਨ, ਰੇਖ ਵਿਖਾਈ ਸਿੱਖੀ ਸ਼ਾਨ ।
ਸਿਦਕ ਨੂੰ ਦਿਤਾ ਨਵਾਂ ਰੰਗ । ਨਵਾਂ ਵਲਵਲਾ ਜੋਸ਼ ਤਰੰਗ ।
ਕਲਗੀਧਰ ਦਾ ਆਦਰਸ਼ ਮਹਾਨ, ਰੌਸ਼ਨ ਕੀਤਾ ਵਿਚ ਜਹਾਨ ।
ਸਬਰ ਸਿਦਕ ਦੇ ਵਿਚ ਭਰਪੂਰ, ਮਾਣਨ ਲਗਾ ਜਗ ਸਰੂਰ ।

[ਬਾਕੀ ਸਫ਼ਾ ੩੫ ਹੇਠ]



www.AKJ.Org

# ਪੱਗੜੀ ਸੰਭਾਲ ਸਿੰਘਾ, ਪੱਗੜੀ ਸੰਭਾਲ ਓਏ!

[ ਵਲੋਂ ਸ: ਤੇਗ ਬਹਾਦਰ ਸਿੰਘ 'ਤੇਗ' ]

ਤੇਰੀ ਪੱਗ ਵੇਚ ਦਿੱਤੀ,
ਤੇਰੀ ਪੱਗ ਰੋਲ ਦਿੱਤੀ,
ਦੁੱਧ ਕਾਂਜੀ ਘੋਲ ਦਿੱਤੀ,
ਤੇਰਿਆਂ ਹੀ ਲੀਡਰਾਂ,
ਕੀਹਦੇ ਕੋਲ ਦੁੱਖ ਰੋਵੇਂ,
ਕਰੀਂ ਤੂੰ ਖ਼ਿਆਲ ਓਏ... !
ਪੱਗੜੀ ਸੰਭਾਲ ਸਿੰਘਾ,
ਪੱਗੜੀ ਸੰਭਾਲ ਓਏ !

ਅੱਤਿਵਾਦੀ ਵੱਖਵਾਦੀ
ਆਖ ਕੇ ਨੇ ਭੰਡਦੇ
ਚੁਣ ਕੇ ਜੁਆਨ ਮੁੰਡੇ,
ਪੁਲੀਸ ਵਾਲੇ ਚੰਡਦੇ,
ਕੁੱਟ ਕੇ ਕਚੂੰਬਰ ਕੱਢਣ,
ਜਾਨੋਂ ਦਿੰਦੇ ਮਾਰ ਨੇ।
ਕਿੰਨੇ ਇਹ ਚਾਤਰ ਬੰਦੇ,
ਜੋ ਕਰਦੇ 'ਕਮਾਲ' ਓਏ... !
ਪੱਗੜੀ ਸੰਭਾਲ ਸਿੰਘਾ,
ਪੱਗੜੀ ਸੰਭਾਲ ਓਏ !

ਤੇਰੇ ਲੀਡਰ, ਤੈਨੂੰ ਦੱਸ,
ਕਾਹਤੋਂ ਹਨ ਮਾਰਦੇ।
ਪੈਸੇ ਦੇ ਪੁੱਤ ਲੀਡਰ,
ਕੌਮ ਨੂੰ ਵੰਗਾਰਦੇ।
ਪੁੱਛੋ 'ਕੱਠੇ ਹੋ ਕੇ ਸਾਰੇ,
ਹੋਵੋ, ਨਾ ਨਿਢਾਲ ਓਏ... !
ਪੱਗੜੀ ਸੰਭਾਲ ਸਿੰਘਾ,
ਪੱਗੜੀ ਸੰਭਾਲ ਓਏ !

ਉੱਠ ! ਸਿੰਘਾ ਉਠ ! ਉੱਠ !
ਕੌਮ ਨੂੰ ਸੰਭਾਲ ਓਏ !
ਇੱਕ-ਮੁੱਠ ਹੋਵੋ ਸਾਰੇ,
ਨਾ ਲੀਡਰਾਂ ਦੇ ਸੁਣੋ ਲਾਰੇ,
ਵਿਲੱਖਣਤਾ ਨੂੰ ਕਾਇਮ ਕਰੋ,
ਐਵੇਂ ਸੁਖ ਨਾ ਤੂੰ ਭਾਲ ਓਏ...!
ਪੱਗੜੀ ਸੰਭਾਲ ਸਿੰਘਾ,
ਪੱਗੜੀ ਸੰਭਾਲ ਓਏ !

ਕੌਮ ਪਵੇ ਢੱਠੇ ਖੂਹ,
ਨਹੀਂ ਪ੍ਰਵਾਹ ਸਾਨੂੰ,
ਦੇਸ਼ ਭਾਵੇਂ ਜਾਵੇ ਉਜੜ,
ਨਹੀਂ ਕੋਈ ਚਾਹ ਸਾਨੂੰ,
ਕੁਰਸੀ ਕਾਇਮ ਰਹੇ,
ਪੈਸਾ ਦਾਇਮ ਰਹੇ,
ਰੁਤਬਾ ਨ ਹਿਲੇ ਸਾਡਾ,
ਲੀਡਰਾਂ ਦਾ ਖ਼ਿਆਲ ਓਏ...!
ਪੱਗੜੀ ਸੰਭਾਲ ਸਿੰਘਾ,
ਪੱਗੜੀ ਸੰਭਾਲ ਓਏ !

---

(ਸਫ਼ਾ ੩੪ ਦੀ ਬਾਕੀ)

ਪੁਠਿਆਂ ਹੋ ਲੁਹਾਈ ਖਲ, ਤਵੀਆਂ ਉਤੇ ਗਏ ਬਲ।
ਸੜ ਗਏ ਜ਼ਿੰਦਾ ਜੰਡਾਂ ਨਾਲ, ਦਿਤੇ ਦੇਗਾਂ ਵਿਚ ਉਬਾਲ।
ਝੋਕੇ ਬਲਦੇ ਵਿਚ ਤੰਦੂਰ, ਸੂਲੀ ਟੰਗੇ ਗਏ ਮਨਸੂਰ।
ਡਾਂਗਾਂ ਤੇ ਛਵੀਆਂ ਦੀ ਮਾਰ, ਸੂਕਦੇ ਇੰਜਣਾਂ ਦੀ ਫੁੰਕਾਰ।
ਜੈਤੋ, ਗੰਗਸਰ, ਗੁਰੂ ਕਾ ਬਾਗ, ਜੇਲ੍ਹਾਂ ਦੇ ਜ਼ਹਿਰੀਲੇ ਨਾਗ।
ਸਾਰੇ ਕੂਕਣ ਇਹੋ ਕਮਾਲ, ਸਿੱਖੀ ਸਿਦਕ ਬੇ-ਮਿਸਾਲ।
ਜਦ ਤਕ ਸੂਰਜ ਜਦ ਤਕ ਚੰਦ, ਧਰਤ ਅਕਾਸ਼ ਤੇ ਕੁਲ ਬ੍ਰਿਹਮੰਡ।
ਇਨ੍ਹਾਂ ਸ਼ਹੀਦਾਂ ਨੂੰ ਪਰਨਾਮ, 'ਨੀਰ' ਜੀ ਹੋਸੀ ਸੁਬਹ ਸ਼ਾਮ।



www.AKJ.Org

# ਸਾਡੀ ਸਿਹਤ—ਵਜ਼ਨ

[ ਬਾਵਾ ਗੁਰਕਿਰਪਾਲ ਸਿੰਘ ਜੀ, ਦਸੌਂਧਾ ਸਿੰਘ ਰੋਡ, ਅੰਮ੍ਰਿਤਸਰ ]

ਸਾਡੀ ਸਿਹਤ ਲਈ ਜ਼ਰੂਰੀ ਹੈ ਕਿ ਸਾਡਾ ਵਜ਼ਨ ਜ਼ਿਆਦਾ ਨਹੀਂ ਹੋਣਾ ਚਾਹੀਦਾ। ਵਜ਼ਨ ਜ਼ਿਆਦਾ ਹੋਣ ਨਾਲ ਦਿਲ, ਖ਼ੂਨ ਦਾ ਦਬਾਅ ਜ਼ਿਆਦਾ ਅਤੇ ਪਿਸ਼ਾਬ ਵਿਚ ਸ਼ਕਰ ਆਣ ਦੇ ਰੋਗ ਲਗ ਸਕਦੇ ਹਨ।

ਵਜ਼ਨ ਘਟ ਕਰਨ ਲਈ ਸਾਨੂੰ ਆਪਣੀ ਖ਼ੁਰਾਕ ਦੀਆਂ Calories (ਗਰਮੀ ਦੇਣ ਦੀਆਂ ਇਕਾਈਆਂ) ਘਟ ਕਰਨੀਆਂ ਚਾਹੀਦੀਆਂ ਹਨ। ਤੇਲ ਤੇ ਘਿਉ ਦੀ ਥਾਂ ਸਾਨੂੰ ਇਹ ਗਰਮੀ ਦੇਣ ਦੀ ਇਕਾਈਆਂ (ਕੈਲੋਰੀਜ਼) ਸਬਜ਼ੀ, ਫਲਾਂ ਤੇ ਦੁੱਧ ਤੋਂ ਲੈਣੀਆਂ ਚਾਹੀਦੀਆਂ ਹਨ।

ਘਰ ਵਿਚ ਤੜਕਾ ਲਗੀ ੧ ਕਟੋਰੀ ਸਬਜ਼ੀ ਵਿਚ ੭੦੦–੮੦੦ ਕੈਲੋਰੀਜ਼ ਹੁੰਦੀਆਂ ਹਨ ਤੇ ਇਕ ਖੁਸ਼ਕ ਫੁਲਕੇ ਵਿਚ ੬੦–੭੦। ਘਿਉ ਤੇ ਤੇਲ ਖ਼ੂਨ ਵਿਚ ਜਾ ਕੇ ਨਾੜੀਆਂ ਦੇ ਨਾਲ ਚਿੰਬੜ ਜਾਂਦੇ ਹਨ ਤੇ ਬਹੁਤਾ ਕਰਕੇ ਇਹ ਹੀ ਸਾਨੂੰ ਬੀਮਾਰ ਕਰਦੇ ਹਨ।

ਜੋ ਵੀਰ ਤੇ ਬੀਬੀਆਂ ਆਪਣਾ ਵਜ਼ਨ ਘਟਾਣਾ ਚਾਹੁੰਦੇ ਹਨ ਉਹਨਾਂ ਲਈ ਹੇਠ ਲਿਖੀਆਂ ਸਤਰਾਂ ਧਿਆਨ ਯੋਗ ਹਨ :–

੧. ਡਬਲ ਰੋਟੀ ਤੇ ਹਰ ਮੈਦੇ ਦੀ ਚੀਜ਼ ਦਾ ਤਿਆਗ ਇਸ ਲਈ ਜ਼ਰੂਰੀ ਹੈ ਕਿ ਇਹ ਮੈਦਾ ਪੇਟ ਵਿਚ ਜਾ ਕੇ ਜਲਦੀ ਹੀ ਸ਼ਕਰ ਬਣ ਜਾਂਦਾ ਹੈ ਤੇ ਨੁਕਸਾਨ ਕਰਦਾ ਹੈ।

੨. ਘਿਉ ਤੇਲ ਦੀ ਵਰਤੋਂ–੨੪ ਘੰਟੇ ਵਿਚ ਇਕ ਛੋਟਾ ਚਮਚਾ ਮੱਖਣ, ਘਿਉ ਜਾਂ ਤੇਲ ਕਿਸੇ ਚੀਜ਼ ਵਿਚ ਲੈ ਲਵੋ।

੩. ਜਿਥੋਂ ਤਕ ਹੋ ਸਕੇ, ਸਫ਼ੈਦ ਚੀਨੀ ਦੀ ਵਰਤੋਂ ਬੰਦ ਕਰ ਦਿਓ। ਇਸ ਦੀ ਥਾਂ ਇਕ ਦੋ ਚਮਚ ਦੇਸੀ ਸ਼ਕਰ ਜਾ ਗੁੜ ਵਰਤ ਸਕਦੇ ਹੋ।

੪. ਦੁੱਧ, ਮਲਾਈ ਉਤਾਰ ਕੇ, ਅੱਧਾ ਕਿਲੋ ਤਕ ਕਿਸੇ ਸ਼ਕਲ ਵਿਚ ਲੈ ਲਵੋ।

੫. ਨਿਮਕ ਘਟ ਤੋਂ ਘਟ ਵਰਤੋ।

੬. ਕੱਚੀ ਸਬਜ਼ੀ, ਸਲਾਦ ਜਿੰਨੀ ਮਰਜ਼ੀ ਲੈ ਲਵੋ।

੭. ਸੈਰ ਜਾਂ ਕੋਈ ਹੋਰ ਵਰਜ਼ਸ਼ ਰੋਜ਼ ਕਰੋ। ਇਹ ਸਭ ਕੁਝ ਕਰਨ ਨਾਲ ਇਕ ਦੋ ਕਿਲੋ ਵਜ਼ਨ ਮਹੀਨੇ ਵਿਚ ਹੀ ਘਟ ਜਾਵੇਗਾ ਤੇ ਕੋਈ ਤਕਲੀਫ਼ ਨਹੀਂ ਮਹਿਸੂਸ ਹੋਵੇਗੀ।

ਚਿੱਟੀ ਚੀਨੀ ਵਿਟਾਮਿਨ-ਬੀ ਨੂੰ ਘਟਾਂਦੀ ਹੈ। ਸੋ ਚੀਨੀ ਛਡਣ ਨਾਲ ਵਿਟਾਮਿਨ-ਬੀ ਸਰੀਰ ਵਿਚੋਂ ਜ਼ਾਇਆ ਨਹੀਂ ਹੁੰਦਾ।

ਉਂਕਰਿਤ ਮੂੰਗ, ਛੋਲੇ ਤੇ ਮੋਠ ਵਿਚ ਅਧਰਕ, ਪਿਆਜ, ਨਿੰਬੂ ਪਾ ਕੇ ਖਾਣ ਨਾਲ ਪਰੋਟੀਨ, ਵਿਟਾਮਿਨ ਤੇ ਐਨਜ਼ਾਈਮ (ਪਾਚਕ ਰਸ) ਸਰੀਰ ਨੂੰ ਮਿਲਦੇ ਹਨ।

ਆਪ ਨੂੰ ਜੇ ਕੋਈ ਆਖਦਾ ਹੈ ਕਿ ਫਲਾਣਾ ਘਿਉ ਖੰਡ ਖ਼ੂਬ ਖਾਂਦਾ ਹੈ, ਪਰ ਫਿਰ ਵੀ ਪਤਲਾ ਹੈ, ਇਸ ਕਰਕੇ ਇਹਨਾਂ ਚੀਜ਼ਾਂ ਦਾ ਕੋਈ ਹਰਜ ਨਹੀਂ; ਤਾਂ ਉਸ ਪਿਛੇ ਨਹੀਂ ਲਗਣਾ ਚਾਹੀਦਾ। ਹਰ ਪ੍ਰਾਣੀ ਦਾ ਸਰੀਰ ਵਖਰੀ ਵਖਰੀ ਮਸ਼ੀਨ ਹੈ। ਸੋ ਕਿਸੇ ਦਾ ਵਜ਼ਨ ਜੇ ਜ਼ਿਆਦਾ ਹੈ ਤਾਂ ਉਸ ਨੂੰ ਇਹ ਪਰਹੇਜ਼ ਕਰਨ ਨਾਲ ਪਿਛਲੀ ਉਮਰ ਵਿਚ ਬੀਮਾਰੀਆਂ ਨਹੀਂ ਲਗਣਗੀਆਂ।

ਆਮ ਕਰਕੇ ਦਿਲ, ਖ਼ੂਨ ਦੇ ਦਬਾਅ ਤੇ ਸ਼ਕਰ ਰੋਗ ਦੇ ਮਰੀਜ਼ ਵਜ਼ਨ ਵਿਚ ਜ਼ਿਆਦਾ (over-weight) ਹੁੰਦੇ ਹਨ। ਉਪਰੋਕਤ ਅਮਲ ਕਰਨ ਨਾਲ ਇਹਨਾਂ ਨੂੰ ਵਜ਼ਨ ਘਟ ਕਰਨ ਲਈ ਜ਼ਰੂਰ ਫ਼ਾਇਦਾ ਹੋਵੇਗਾ। ਇਹਨਾਂ



www.AKJ.Org

ਤਿੰਨਾਂ ਰੋਗਾਂ ਦੇ ਮਰੀਜ਼ਾਂ ਦਾ ਕਲੈਸਟਰੌਲ* ਤੇ ਟਰਾਈਗਲਿਸਰਾਈਡ* ਜ਼ਿਆਦਾ ਹੁੰਦੇ ਹਨ। ਇਸ ਲਈ ਇਹਨਾਂ ਮਰੀਜ਼ਾਂ ਨੂੰ ਛਾਣ ਦੇ ੬ ਵਡੇ ਚਮਚ ਦਿਨ ਵਿਚ ਤਿੰਨ ਵਾਰ ਦੋ ਦੋ ਕਰ ਕੇ ਖਾਣ ਨਾਲ ਇਕ ਮਹੀਨੇ ਵਿਚ ਇਹ ਦੋਵੇਂ ਤੱਤ ਘਟ ਜਾਣਗੇ ਤੇ ਬਿਮਾਰੀ ਵਿਚ ਕਾਫ਼ੀ ਅਰਾਮ ਮਹਿਸੂਸ ਹੋਵੇਗਾ।

ਦੋ ਚਮਚੇ ਸਵੇਰੇ ਦਲੀਏ ਜਾਂ ਦੁਧ ਵਿਚ ਅਤੇ ਇਤਨੀ ਹੀ ਮਿਕਦਾਰ ਸਬਜ਼ੀ ਨਾਲ ਜਾਂ ਦਹੀਂ ਵਿਚ ਪਾ ਕੇ ਖਾਧੇ ਜਾਂ ਸਕਦੇ ਹਨ।

ਜੋ ਸੱਜਣ ਇਕੱਲੇ ਰਹਿੰਦੇ ਹਨ ਉਹ ਨਾਸ਼ਤੇ ਵਿਚ ਦਲੀਆ ਕਟੋਰਾ ਭਰ ਕੇ, ਵਿਚ ਛਾਣ ਦੇ ਨਾਲ ਅੱਧਾ ਕੇਲਾ ਜਾਂ ੮–੧੦ ਦਾਣੇ ਸੌਗੀ ਦੇ ਪਾ ਸਕਦੇ ਹਨ।

੧੧–੧੨ ਵਜੇ ਦਾ ਨਾਸ਼ਤਾ–ਉਂਕਰਿਤ ਮੂੰਗ ਆਦਿ ਅਧਰਕ, ਹਰੀ ਮਿਰਚ, ਨਿੰਬੂ ਤੇ ਕਾਲੀ ਮਿਰਚ ਪਾ ਕੇ ਖਾਣ ਨਾਲ ਭੁੱਖ ਵੀ ਮਿਟਦੀ ਹੈ ਤੇ ਪਰੋਟੀਨ ਵੀ ਸਰੀਰ ਨੂੰ ਮਿਲਦੀ ਹੈ।

ਦੁਪਹਿਰ ਦਾ ਤੇ ਰਾਤ ਦਾ ਖਾਣਾ–ਦਲੀਆ, ਸਬਜ਼ੀਆਂ, ਪਿਆਜ਼, ਅਧਰਕ, ਥੋਮ, ਆਪਣੀ ਪਸੰਦ-ਮੁਤਾਬਿਕ ਉਬਾਲ ਲਵੋ ਤੇ ਵਿਚ ਦੋ ਵਡੇ ਚਮਚ ਛਾਣ ਦੇ ਪਾ ਲਵੋ। ਇਹ ਕਟੋਰਾ ਭਰ ਕੇ ਖਾਣ ਨਾਲ ਕਾਫ਼ੀ ਪੇਟ ਭਰ ਜਾਂਦਾ ਹੈ। ਦਹੀਂ ਤੇ ਸਲਾਦ ਵਾਧੂ ਪੇਟ ਭਰਨ ਲਈ ਖਾਧਾ ਜਾ ਸਕਦਾ ਹੈ। ਇਸ ਵਿਚ ਲੂਣ ਨਾ ਪਾਣ ਨਾਲ ਕੋਈ ਘਾਟਾ ਨਹੀਂ ਲਗੇਗਾ। ਅਗਰ ਜਰੂਰਤ ਹੈ ਤਾਂ ਫੁਲਕਾ ਤੇ ਦਾਲ, ਸਾਗ ਆਦਿਕ ਘਿਉ ਤੇਲ ਤੋਂ ਬਗੈਰ ਖਾਣ ਵਿਚ ਹਰਜ ਨਹੀਂ। ਅਸਲ ਗੱਲ ਇਹ ਹੈ ਕਿ ਭੁਖ ਜ਼ਿਆਦਾ ਖਾਣ ਨਾਲ ਵਧ ਜਾਂਦੀ ਹੈ ਤੇ ਘਟ ਖਾਣ ਨਾਲ ਘਟ ਜਾਂਦੀ ਹੈ। ਭੁਖ ਲਗਣ ਤੇ ਕੱਚੀ ਸਬਜ਼ੀ ਦੀ ਵਰਤੋਂ ਵੀ ਹੌਲੀ ਹੌਲੀ ਥੋੜੇ ਖਾਣ ਨਾਲ ਭੁਖ ਮਿਟ ਜਾਂਦੀ ਹੈ।

ਡਾਕਟਰਾਂ ਪਾਸ ਜਿੰਨੇ ਮਰੀਜ਼ ਜਾਂਦੇ ਹਨ ਉਹ ਬਹੁਤਾ ਖਾਣ ਕਰਕੇ ਹੀ ਬੀਮਾਰ ਹੁੰਦੇ ਹਨ। ਘਟ ਖਾਣ ਵਾਲੇ ਸ਼ਾਇਦ ੧੦ ਫ਼ੀ ਸਦੀ ਮਰੀਜ਼ ਹੁੰਦੇ ਹਨ। ਗੁਰੂ ਮਹਾਰਾਜ ਦਾ ਵਾਕ "ਅਲਪ ਆਹਾਰ" ਸਿਰਫ ਭਗਤਾਂ ਲਈ ਨਹੀਂ, ਸਾਡੇ ਸਭਨਾਂ ਲਈ ਹੈ।

**ਘਟ ਕੈਲੋਰੀਜ਼ ਵਾਲੀਆਂ ਚੀਜ਼ਾਂ–**

ਪਤਾ ਗੋਭੀ, ਸਾਗ, ਖੀਰਾ, ਹਰੀਆਂ ਫਲੀਆਂ, ਤੋਰੀ ਘੀਆ, ਟਮਾਟਰ, ਗਾਜਰ, ਮੂਲੀ, ਕਿਸੇ ਸਬਜ਼ੀ ਦਾ ਰਾਈ ਵਾਲਾ ਅਚਾਰ ਘਟ ਲੂਣ ਪਾ ਕੇ, ਤੇਲ ਦੇ ਅਚਾਰ ਦੀ ਥਾਂ ਵਰਤਿਆ ਜਾ ਸਕਦਾ ਹੈ।

ਵਿਟਾਮਿਨ ਦੀਆਂ ਗੋਲੀਆਂ ਖਾਣਾ ਦਾ ਲਾਭ ਸਿਰਫ਼ ਬਨਾਣ ਤੇ ਵੇਚਣ ਵਾਲੇ ਦੁਕਾਨਦਾਰਾਂ ਨੂੰ ਹੈ। ਕੇਵਲ ਡਾਕਟਰ ਦੇ ਕਹਿਣ ਤੇ ਹੀ ਖਾਓ, ਕਿਉਂਕਿ ਆਮ ਬੰਦੇ ਦੀ ਖ਼ੁਰਾਕ ਵਿਚ ਸਭ ਤੱਤ ਮਿਲ ਜਾਂਦੇ ਹਨ।

* ਖ਼ੂਨ ਵਿਚ ਥਿੰਦਿਆਈ ਵਰਗੇ ਤੱਤ, ਜਿਨ੍ਹਾਂ ਦੀ ਮਾਤਰਾ ਨਿਸਚਿਤ ਇਕਾਈ ਤੋਂ ਵਧਣ ਨਾਲ, ਦਿਲ ਦਾ ਦੌਰਾ ਤੇ ਹੋਰ ਖ਼ਤਰਨਾਕ ਬਿਮਾਰੀਆਂ ਲੱਗ ਸਕਦੀਆਂ ਹਨ।

## ਗੁਰ ਬਿਨੁ ਘੋਰੁ ਅੰਧਾਰੁ

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥
ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ ॥
*ਗੁਰੁ ਕਰੁ ਸਬਦ-ਸਪੁੰਨ ਅਘਨ ਕਟਹਿ ਸਭ ਤੇਰੇ ॥
ਗੁਰੁ ‡ਨਯਨਿ ਬਯਨਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲ੍ਯ ਕਹਿ ॥
†ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ ॥੪॥੮॥ (ਪੰਨਾ ੧੩੯੯)

* ਸ਼ਬਦ ਦੇ ਧਨੀ ਸਤਿਗੁਰੂ ਦੇ ਬਖਸ਼ੇ ਜਾਪ ਨੂੰ ਜਪੋ, ਜਿਸ ਨਾਲ ਤੇਰੇ ਸਾਰੇ ਪਾਪ ਕਟੇ ਜਾਣਗੇ।
‡ ਨੈਣੀਂ ਤੇ ਬੈਣੀਂ, ਅੱਖਾਂ ਤੇ ਬਚਨਾਂ ਨਾਲ ਗੁਰੂ ਗੁਰੂ ਜਪੋ।
† ਜਿਸ ਨੇ ਗੁਰੂ ਦੇ ਦਰਸ਼ਨ ਨਹੀਂ ਕੀਤੇ ਅਤੇ ਨਾ ਹੀ ਜਾਪ ਜਪਿਆ, ਉਸ ਦਾ ਸੰਸਾਰ ਤੇ ਆਉਣਾ ਅਕਾਰਥ ਹੀ ਹੈ, ਕਿਸੇ ਲੇਖੇ ਨਹੀਂ।

www.AKJ.Org

# ਹਿੰਦ ਸਮਾਚਾਰ ਦਾ ਵਾਵੇਲਾ ਫ਼ਜ਼ੂਲ

## ਧਰਮ ਪ੍ਰਚਾਰਕ ਕੈਂਪ ਦੀ ਭਰਪੂਰ ਸਫਲਤਾ

[ ਸ: ਵਰਿਆਮ ਸਿੰਘ ਜੀ, ਸੰਪਾਦਕ ਗੁਰਮਤਿ ਪ੍ਰਕਾਸ਼, ਸ੍ਰੀ ਅੰਮ੍ਰਿਤਸਰ ]

ਪੰਜਾਬ ਦੀ ਅਜੋਕੀ ਸਥਿਤੀ ਦੀ ਪਿੱਠ-ਭੂਮੀ ਦਾ ਜ਼ਿਕਰ ਕੋਈ ਨਿਰਪੱਖ ਹੋ ਕੇ ਵਿਸ਼ਲੇਸ਼ਣ ਕਰੇ ਤਾਂ ਇਹ ਗੱਲ ਨਿਸਚੇ ਹੀ ਪ੍ਰਤੱਖ ਹੋ, ਸਾਹਮਣੇ ਆਵੇਗੀ ਕਿ ਹਾਲਾਤ ਵਿਗਾੜਨ ਵਿਚ ਅਵਲ ਤਾਂ ਅੱਸੀ ਪ੍ਰਤੀਸ਼ਤ, ਨਹੀਂ ਤਾਂ ਸੱਤਰ ਪ੍ਰਤੀਸ਼ਤ ਹਿੱਸਾ ਜ਼ਰੂਰ ਹੀ ਹਿੰਦ ਸਮਾਚਾਰ ਸਮੂਹ ਦੇ ਅਖਬਾਰਾਂ ਦਾ ਹੋਵੇਗਾ। ਪੰਜਾਬੀ ਭਾਸ਼ਾ ਵਿਰੋਧੀ ਪ੍ਰਚਾਰ ਕਰਨ ਤੋਂ ਲੈ ਕੇ ਸਿੱਖਾਂ ਦੇ ਨਾਵਾਂ ਨਾਲ ਅਜੋਕੇ 'ਅਤਿਵਾਦੀ' ਤੇ 'ਵੱਖਵਾਦੀ' ਵਿਸ਼ੇਸ਼ਣ ਜੋੜਨ ਤੱਕ ਇਸ ਫਿਰਕੂ ਅਖ਼ਬਾਰ ਦਾ ਰੋਲ ਅਤਿਅੰਤ ਘਿਨਾਉਣਾ ਤੇ ਨਿੰਦਣਯੋਗ ਰਿਹਾ ਹੈ। ਸਾਨੂੰ ਅਫਸੋਸ ਹੈ ਕਿ ਇਸ ਅਖਬਾਰ ਦੇ ਮਾਲਕ ਸੰਪਾਦਕ ਕਤਲ ਵੀ ਹੋਏ, ਜੋ ਨਿਰਸੰਦੇਹ ਉਪ੍ਰੋਕਤ ਕਾਰਗੁਜ਼ਾਰੀ ਦੀ ਪ੍ਰਤੀਕਿਰਿਆ ਦਾ ਸਿੱਟਾ ਵੀ ਹੋ ਸਕਦਾ ਹੈ, ਪਰ ਨਾ ਤਾਂ ਅਖ਼ਬਾਰ ਦੇ ਮੌਜੂਦਾ ਮਾਲਕਾਂ, ਸੰਪਾਦਕਾਂ ਨੇ ਉਹਨਾਂ ਮੰਦਭਾਗੀ ਘਟਨਾਵਾਂ ਤੋਂ ਸਬਕ ਸਿਖ ਆਪਣੀਆਂ ਫਿਰਕੂ ਨੀਤੀਆਂ ਬਾਰੇ ਗੰਭੀਰਤਾ ਨਾਲ ਸੋਚ ਕੇ ਆਪਸੀ ਸਹਿਹੋਂਦ ਤੇ ਫ਼ਿਰਕੂ ਇਕ-ਸੁਰਤਾ ਬਣਾਈ ਰੱਖਣ ਵਾਲੀ ਨੀਤੀ ਅਪਨਾਉਣ ਦਾ ਕੋਈ ਯਤਨ ਕੀਤਾ; ਅਤੇ ਨਾ ਸਰਕਾਰ ਨੇ ਇਸ ਫਿਰਕੂ ਅੱਗ ਲਗਾਉਣ ਅਤੇ ਦਹਿਸ਼ਤਵਾਦ ਨੂੰ ਉਤੇਜਿਤ ਕਰਨ ਵਾਲੀ ਅਖ਼ਬਾਰ ਦਾ ਮੂੰਹ ਬੰਦ ਕਰਨ ਦਾ ਹੀ ਕੋਈ ਉਪਰਾਲਾ ਕੀਤਾ। ਅੱਜ ਹਾਲਤ ਇਹ ਹੈ ਕਿ ਸਮੁੱਚੀ ਸਿੱਖ ਕੌਮ ਕੇਂਦਰ ਦੇ ਜ਼ੁਲਮ ਤੇ ਬਹੁ-ਗਿਣਤੀ ਫਿਰਕੇ ਦੇ ਤਸ਼ੱਦਦ ਨਾਲ ਪੱਛੀ ਪਈ ਹੈ, ਅਤੇ ਇਹ ਅਖ਼ਬਾਰ ਅੱਲ੍ਹੇ ਜ਼ਖਮਾਂ ਨੂੰ ਨਸ਼ਤਰਾਂ ਮਾਰਨ ਤੇ ਉੱਪਰ ਲੂਣ ਮਲਣ ਦੇ ਆਹਰ ਵਿਚ ਅਤਿਅੰਤ ਸਰਗਰਮ ਹੈ। ਇਸ ਅਤਿ ਘਿਨਾਉਣੀ ਚਾਲ ਦੀ ਤਾਜ਼ਾ ਉਦਾਹਰਣ ੨੨ ਸਤੰਬਰ ਦੇ ਹਿੰਦ ਸਮਾਚਾਰ ਸਮੂਹ ਦੇ ਅਖਬਾਰਾਂ ਵਿਚ ਸੰਪਾਦਕੀ ਕਾਲਮ ਵਿਚ ਪ੍ਰਕਾਸ਼ਤ ਬਰਖ਼ੁਰਦਾਰ 'ਅਸ਼ਵਨੀ' ਦੇ ਲੇਖ ਤੋਂ ਮਿਲਦੀ ਹੈ ਜਿਸ ਵਿਚ ਕਿ ਲੇਖਕ ਨੇ ਧਰਮ ਪ੍ਰਚਾਰ ਕਮੇਟੀ ਵਲੋਂ ਫਤਹਗੜ੍ਹ ਸਾਹਿਬ ਵਿਖੇ ਆਯੋਜਿਤ ਪ੍ਰਚਾਰਕ ਕੈਂਪ ਦੇ ਪ੍ਰੋਗਰਾਮ ਦੀ ਰਿਪੋਰਟ ਨੂੰ 'ਸ਼ਾਸਕਾਂ ਦੀਆਂ ਅੱਖਾਂ ਖੋਲ੍ਹਣ' ਦੇ ਮਕਸਦ ਲਈ ਮਨਘੜਤ ਤੇ ਵਾਧੂ ਮਸਾਲੇ ਜੋੜ ਕੇ ਬਹੁਤ ਹੀ ਗ਼ਲਤ ਰੰਗ ਵਿਚ ਪੇਸ਼ ਕੀਤਾ ਹੈ।

ਸਿੱਖ ਧਰਮ 'ਆਪਿ ਜਪੈ ਅਵਰਹ ਨਾਮੁ ਜਪਾਵੈ' ਦੇ ਸਿਧਾਂਤ ਦਾ ਅਨੁਸਾਰੀ ਇਕ ਪ੍ਰਚਾਰਕ ਧਰਮ ਹੈ। ਗੁਰੂ ਸਾਹਿਬ ਨੇ ਆਪ ਵੀ ਦੂਰ ਦੂਰ ਤੱਕ ਪ੍ਰਚਾਰ ਦੌਰੇ ਕਰ ਕੇ ਗੁਰਮਤਿ ਦੇ ਸਿਧਾਂਤਾਂ ਨੂੰ ਪ੍ਰਚਾਰਿਆ ਅਤੇ ਸੰਗਤਾਂ ਸਥਾਪਤ ਕੀਤੀਆਂ। ਬਾਈ ਮੰਜੀਆਂ ਦੀ ਸਥਾਪਨਾ ਅਤੇ ਮਸੰਦ ਸਿਸਟਮ ਧਰਮ ਪ੍ਰਚਾਰ ਨੂੰ ਵਿਉਂਤਬੰਦ ਤਰੀਕੇ ਨਾਲ ਚਲਾਉਣ ਦਾ ਹੀ ਇਕ ਸਫਲ ਉਪਰਾਲਾ ਸੀ। ਕੋਈ ਰਾਜ-ਸ਼ਕਤੀ ਦਾ ਸਹਾਰਾ ਨਹੀਂ, ਕੋਈ ਤਲਵਾਰ ਦਾ ਜ਼ੋਰ ਨਹੀਂ, ਬਲਕਿ ਇਹ ਉਚੇ ਸੁੱਚੇ ਸਿਧਾਂਤ ਤੇ ਉਹਨਾਂ ਨੂੰ ਪ੍ਰਚਾਰਨ ਦੇ ਢੰਗ ਦਾ ਕ੍ਰਿਸ਼ਮਾ ਹੀ ਸੀ ਕਿ ਉਸ ਸਮੇਂ ਹਿੰਦੂ ਤੇ ਮੁਸਲਮਾਨ ਵੀ ਖੁਸ਼ੀ ਖੁਸ਼ੀ ਗੁਰਮਤਿ ਸਿਧਾਂਤਾਂ ਨੂੰ ਅਪਣਾਅ ਸਿੱਖ ਸਮਾਜ ਵਿਚ ਸ਼ਾਮਲ ਹੋ ਰਹੇ ਸਨ, ਜਿਸ ਤੋਂ ਜਹਾਂਗੀਰ ਬਾਦਸ਼ਾਹ ਚਿੜਿਆ ਤੇ ਦੁਖੀ ਹੋਇਆ ਸੀ।

ਗੁਰਦੁਆਰਾ ਐਕਟ ਬਣਨ ਉਪਰੰਤ ਸ਼੍ਰੋਮਣੀ ਕਮੇਟੀ ਜਦੋਂ ਦੀ ਹੋਂਦ ਵਿਚ ਆਈ, ਇਸ ਨੇ ਗੁਰਦੁਆਰਿਆਂ ਦੀ ਜਾਂਭੋ ਸੰਭਾਲ ਸੁਚੱਜਾ ਪ੍ਰਬੰਧ ਕਰਨ ਦੇ ਨਾਲ ਨਾਲ ਧਰਮ ਪ੍ਰਚਾਰ ਦੇ ਕਾਰਜ ਨੂੰ ਵੀ ਸਫਲਤਾ ਨਾਲ ਨਿਭਾਇਆ ਹੈ। ਧਰਮ ਪ੍ਰਚਾਰ ਦੇ ਕਾਰਜ ਨੂੰ ਹੋਰ ਨਿਪੁੰਨਤਾ ਤੇ ਕੁਸ਼ਲਤਾ ਨਾਲ ਕਰਨ ਲਈ ਧਰਮ ਪ੍ਰਚਾਰ ਕਮੇਟੀ ਨੇ ਆਪਣੇ ਸਮੂਹ ਪ੍ਰਚਾਰਕਾਂ ਦਾ ਇਕ ਕੈਂਪ ਆਯੋਜਿਤ ਕਰਨ ਦਾ ਫੈਸਲਾ ਕੀਤਾ ਸੀ, ਜਿਸ ਨੂੰ ਅਮਲੀ ਰੂਪ ਦੇਣ ਲਈ ਪਹਿਲੀ ਸਤੰਬਰ ਤੋਂ ਸੱਤ ਸਤੰਬਰ ਤਕ ਫਤਹਗੜ੍ਹ ਸਾਹਿਬ ਵਿਖੇ ਇਹ ਪ੍ਰਚਾਰਕ ਕੈਂਪ ਲਗਾਇਆ ਗਿਆ।......ਸਮੁੱਚੇ ਤੌਰ ਤੇ ਇਹ ਕੈਂਪ ਸੱਤੇ ਦਿਨ ਬਹੁਤ ਹੀ ਸਫ਼ਲਤਾ ਪੂਰਵਕ ਚਲਿਆ ਜਿਸ ਤੇ ਪ੍ਰਬੰਧਕਾਂ ਨੇ ਤਸੱਲੀ ਪ੍ਰਗਟ ਕੀਤੀ ਅਤੇ ਸਭ ਪ੍ਰਚਾਰਕ ਤੇ ਢਾਡੀ ਸਾਹਿਬਾਨ ਨੇ ਇਹ ਮਹਿਸੂਸ ਕੀਤਾ ਤੇ ਇਹ ਸੁਝਾਉ ਵੀ ਦਿਤੇ



www.AKJ.Org

ਕਿ ਐਸੇ ਕੈਂਪ ਹਰ ਸਾਲ ਹੀ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ । ਇਸ ਤੋਂ ਬਿਨਾਂ ਜਿਸ ਵੀ ਕਿਸੇ ਨੇ ਇਸ ਕੈਂਪ ਦੀ ਕਾਰਗੁਜ਼ਾਰੀ ਨੂੰ ਦੇਖਿਆ ਪੜ੍ਹਿਆ ਜਾਂ ਸੁਣਿਆ, ਹਰ ਇਕ ਨੇ ਇਸ ਸਮੁੱਚੇ ਪ੍ਰੋਗਰਾਮ ਦੀ ਸਲਾਹੁਣਾ ਹੀ ਕੀਤੀ, ਕੇਵਲ ਇਸ ਦੀ ਆਲੋਚਨਾ ਕੀਤੀ ਹੈ ਤਾਂ ਆਪਣੀ ਆਦਤ ਤੋਂ ਮਜਬੂਰ ਹਿੰਦ ਸਮਾਚਾਰ ਸਮੂੰਹ ਨੇ ਹੀ, ਜਿਸ ਨੂੰ ਕਿ ਸਾਵਣ ਦੇ ਅੰਨ੍ਹੇ ਨੂੰ ਸਭ ਪਾਸੇ ਹਰਿਆ ਹੀ ਹਰਿਆ ਦਿਖਾਈ ਦੇਣ ਦੀ ਤਰ੍ਹਾਂ ਸਿਖਾਂ ਦੇ ਹਰ ਪ੍ਰੋਗਰਾਮ ਵਿਚੋਂ ਅਤਿਵਾਦ ਤੇ ਵਖਵਾਦ ਹੀ ਨਜ਼ਰੀਂ ਪੈਂਦਾ ਹੈ ।

ਧਰਮ ਪ੍ਰਚਾਰਕ ਕੈਂਪ ਦੀ ਰਿਪੋਰਟ ਅਤੇ ਹਿੰਦ ਸਮਾਚਾਰ ਵਲੋਂ ਕੀਤੀ ਅਲੋਚਨਾ ਦਾ ਜੁਆਬ ਗੁਰਮਤਿ ਪ੍ਰਕਾਸ਼ ਅਕਤੂਬਰ ੮੬ ਵਿਚ ਪ੍ਰਕਾਸ਼ਤ ਕੀਤੇ ਗਏ ਹਨ, ਅਸੀਂ ਇਥੇ ਵਿਸਥਾਰ ਵਿਚ ਨਹੀਂ ਜਾਵਾਂਗੇ । ਹਾਂ ! ਦੋ ਨੁਕਤੇ ਜ਼ਰੂਰ ਇਥੇ ਵਿਚਾਰ ਗੋਚਰੇ ਹਨ ਜੋ 'ਇਲਜ਼ਾਮ' ਦੇ ਰੂਪ ਵਿਚ ਹਿੰਦ ਸਮਾਚਾਰ ਨੇ ਇਸ ਕੈਂਪ ਉੱਪਰ ਥੋਪੇ ਹਨ । ਪਹਿਲਾ ਇਹ ਹੈ ਕਿ ਇਸ ਕੈਂਪ ਵਿਚ ਹੋਰਨਾਂ ਧਰਮਾਂ ਦੀ ਆਲੋਚਨਾ ਕੀਤੀ ਗਈ ਹੈ । ਅਤੇ ਦੂਸਰਾ ਇਹ ਕਿ ਇਸ ਕੈਂਪ ਵਿਚ ਪੰਜਾਬ ਵਿਚ ਹੋ ਰਹੀਆਂ ਨਿਰਦੋਸ਼ ਲੋਕਾਂ ਦੀਆਂ ਹਤਿਆਵਾਂ ਵਿਰੁੱਧ ਆਵਾਜ਼ ਨਹੀਂ ਉਠਾਈ ਗਈ ।

ਅਸਲ ਵਿਚ ਇਹ ਦੋਨੋਂ ਗਿਲੇ ਜਾਂ ਇਲਜ਼ਾਮ ਬੇ-ਦਲੀਲ ਤੇ ਬਿਨਾਂ ਸਿਰ ਪੈਰ ਦੇ ਹਨ । ਜਿਥੋਂ ਤਕ ਦੂਜੇ ਧਰਮਾਂ ਦੀ ਆਲੋਚਨਾ ਦਾ ਸਵਾਲ ਹੈ, ਗੁਰਮਤਿ ਸਿਧਾਂਤ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਇਹ ਸਿਧਾਂਤ–

''ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ'' (੮੫੩)

ਦੀ ਬੁਨਿਆਦ ਉੱਪਰ ਅਧਾਰਤ ਹੈ । ਹਾਂ ! ਕਿਸੇ ਵੀ ਧਰਮ ਵਿਚ ਆਏ ਗ਼ਲਤ ਕਰਮਾਂ ਕਾਂਡਾਂ ਅਤੇ ਮਨੁੱਖਤਾ ਨੂੰ ਉੱਚੀਆਂ ਨੀਵੀਆਂ ਸ਼੍ਰੇਣੀਆਂ ਵਿਚ ਵੰਡਣ ਵਾਲੀਆਂ ਕੁਰੀਤੀਆਂ ਦੀ ਤਾਂ ਗੁਰਮਤਿ ਆਲੋਚਨਾ ਕਰਦੀ ਹੈ, ਪਰ ਇਸ ਦੇ ਨਾਲ ਹੀ ਬ੍ਰਾਹਮਣ ਨੂੰ ਅਸਲੀ ਬ੍ਰਾਹਮਣ, ਮੁਸਲਮਾਨ ਨੂੰ ਸੱਚਾ ਮੁਸਲਮਾਨ ਅਤੇ ਯੋਗੀ ਨੂੰ ਸਹੀ ਅਰਥਾਂ ਵਿਚ ਯੋਗੀ ਬਣਨ ਦੀ ਗੁਰਬਾਣੀ ਪ੍ਰੇਰਨਾ ਕਰਦੀ ਹੈ । ਇਹਨਾਂ ਸਿਧਾਂਤਾਂ ਦੀ ਰੋਸ਼ਨੀ ਵਿਚ ਦੂਸਰੇ ਧਰਮਾਂ ਦੀ ਆਲੋਚਨਾ ਕਰਨਾ ਅਤੇ ਉਹ ਵੀ ਪ੍ਰਚਾਰਕਾਂ ਤੇ ਉੱਚ ਕੋਟੀ ਦੇ ਗੁਰਮਤਿ ਦੇ ਵਿਦਵਾਨਾਂ ਦੇ ਕੈਂਪ ਵਿਚ, ਇਸ ਦਾ ਸੁਆਲ ਹੀ ਪੈਦਾ ਨਹੀਂ ਹੋ ਸਕਦਾ ।

ਹਿੰਦ ਸਮਾਚਾਰ ਵਲੋਂ ਉਠਾਇਆ ਦੂਜਾ ਨੁਕਤਾ ਤਾਂ ਬਿਲਕੁਲ ਹੀ ਹਾਸੋ-ਹੀਣਾ ਹੈ । ਅਸ਼ਵਨੀ ਕਹਿੰਦਾ ਹੈ ਕਿ ਇਸ ਪ੍ਰਚਾਰਕ ਕੈਂਪ ਵਿਚ ਪੰਜਾਬ ਵਿਚ ਹੋ ਰਹੀਆਂ ਨਿਰਦੋਸ਼ ਹਤਿਆਵਾਂ ਵਿਰੁਧ ਆਵਾਜ਼ ਨਹੀਂ ਉਠਾਈ ਗਈ । ਕੌਣ ਸਮਝਾਵੇ ਇਸ ਘੇਸਲੇ ਪੱਤਰਕਾਰ ਨੂੰ ਕਿ ਇਹ ਕੋਈ ਆਮ ਇਕੱਤਰਤਾ ਜਾ ਕਾਨਫਰੰਸ ਨਹੀਂ ਸੀ ਜਿਸ ਵਿਚ ਹਤਿਆਵਾਂ ਦੇ ਹੱਕ ਜਾਂ ਵਿਰੋਧ ਵਿਚ ਕੋਈ ਆਵਾਜ਼ ਉਠਾਉਣ ਜੋਗਾ ਸਮਾਂ ਹੁੰਦਾ ।......ਕੀ ਐਸੇ ਪ੍ਰੋਗਰਾਮ ਵਿਚ ਕਿਸੇ ਅਸਬੰਧਤ ਵਿਸ਼ੇ ਨੂੰ ਘਸੋੜਿਆ ਜਾ ਸਕਦਾ ਸੀ ? ਕੋਈ ਅਨੁਸ਼ਾਸਨ ਜਾਂ ਨਿਯਮਾਂ ਦੀ ਪ੍ਰਵਾਹ ਨਾ ਕਰਨ ਵਾਲਾ ਹਿੰਦ-ਸਮਾਚਾਰ ਵਰਗਾ ਤਾਂ ਐਸਾ ਕਰ ਸਕਦਾ ਹੈ, ਪ੍ਰੰਤੂ ਸਖ਼ਤ ਜ਼ਾਬਤੇ ਦੇ ਪਾਬੰਦ ਰਹਿਣ ਵਾਲੀ ਕਿਸੇ ਸੰਸਥਾ ਜਾਂ ਕਿਸੇ ਪ੍ਰਬੰਧਕ ਦਾ ਐਸਾ ਕਰ ਸਕਣਾ ਮੁਸ਼ਕਲ ਹੀ ਨਹੀਂ, ਅਸੰਭਵ ਹੁੰਦਾ ਹੈ ।

ਅਸੀਂ ਹਿੰਦ ਸਮਾਚਾਰ ਅਤੇ ਬਰਖ਼ੁਰਦਾਰ ਅਸ਼ਵਨੀ ਨੂੰ ਕੇਵਲ ਇਤਨਾ ਹੀ ਕਹਾਂਗੇ ਕਿ ਉਹਨਾਂ ਦੇ ਪਿਤਾਮਿਆਂ ਦੁਆਰਾ ਪੰਜਾਬ ਦੇ ਮਾਹੌਲ ਵਿਚ ਪਹਿਲਾਂ ਹੀ ਬਹੁਤ ਜ਼ਹਿਰ ਭਰੀ ਜਾ ਚੁੱਕੀ ਹੈ, ਉਹ ਇਹਨਾਂ ਹਾਲਾਤ ਤੇ ਤਰਸ ਖਾਂਦਿਆਂ ਹੁਣ ਇਸ ਪਾਸਿਓਂ ਗੁਰੇਜ਼ ਕਰਕੇ ਪਤਰਕਾਰੀ ਦੇ ਕਿਰਦਾਰ ਨੂੰ ਹੋਰ ਕਲੰਕਤ ਨਾ ਕਰਨ । ਅਸੀਂ ਸਰਕਾਰ ਨੂੰ ਵੀ ਸੁਚੇਤ ਕਰਦੇ ਹਾਂ ਕਿ ਜੇਕਰ ਸਹੀ ਮਾਹਨਿਆਂ ਵਿਚ ਉਹ ਪੰਜਾਬ ਦਾ ਮਾਹੌਲ ਸੁਧਾਰਨਾ ਚਾਹੁੰਦੇ ਹਨ ਤਾਂ ਘਟੋ ਘੱਟ ਐਸੇ ਉਚ ਪੱਧਰ ਦੇ ਧਾਰਮਿਕ ਪ੍ਰੋਗਰਾਮਾਂ ਸੰਬੰਧੀ ਗਲਤ-ਫ਼ਹਿਮੀਆਂ ਪੈਦਾ ਕਰਕੇ ਸਿੱਖ ਹਿਰਦਿਆਂ ਨੂੰ ਠੇਸ ਮਾਰਨ ਵਾਲੇ ਪੱਤਰਾਂ ਨੂੰ ਜ਼ਰੂਰ ਨੱਥ ਪਾਉਣ । ਜੇਕਰ ਸਰਕਾਰ ਨੇ ਇਸ ਫਿਰਕੂ ਜ਼ਹਿਰ ਫੈਲਾਉਣ ਅਤੇ ਮਨਘੜਤ ਗੱਲਾਂ ਛਾਪਣ ਵਾਲੇ ਪੱਤਰ ਦਾ ਅਜੇ ਵੀ ਗੰਭੀਰ ਨੋਟਿਸ ਨਾ ਲਿਆ ਤਾਂ ਪੰਜਾਬ ਦਾ ਫਿਰ ਰੱਬ ਰਾਖਾ ।



www.AKJ.Org

# ਬੀਬੀ ਨਾਨਕੀ

[ ਲੇਖਕ ਤੇਜਾ ਸਿੰਘ, ਐਮ. ਏ., ਅਨੁਵਾਦਕ ਲਾਲ ਸਿੰਘ ਐਮ. ਏ. ]

ਗੁਰੂ ਨਾਨਕ ਦੀ ਭੈਣ ਦਾ ਨਾਂ ਨਾਨਕੀ ਸੀ । ਉਹ ਸੁਸ਼ੀਲ ਤੇ ਸੁੰਦਰ ਸੀ । ਉਹ ਨਾਨਕ ਤੋਂ ਪੰਜ ਸਾਲ ਵੱਡੀ ਸੀ ਤੇ ਉਸ ਨੂੰ ਬਹੁਤ ਪਿਆਰ ਕਰਦੀ ਸੀ । ਉਹ ਵੀ ਭੈਣ ਤੋਂ ਅੱਡ ਹੋਣਾ ਪਸੰਦ ਨਹੀਂ ਕਰਦਾ ਸੀ । ਉਹ ਆਪਣੀ ਮਾਂ ਨਾਲੋਂ ਵੀ ਭੈਣ ਨਾਲ ਜ਼ਿਆਦਾ ਸਮਾਂ ਗੁਜ਼ਾਰਦਾ ਸੀ । ਇਸ ਲਈ ਗੁਰੂ ਨਾਨਕ ਦੇ ਸੁਭਾ ਤੇ ਆਚਰਣ ਦੇ ਉਸਾਰਨ ਵਿਚ ਉਸ ਦਾ ਬਹੁਤ ਹਿੱਸਾ ਸੀ । ਭੈਣ ਵਿਚ ਵੀ ਗੁਰੂ ਨਾਨਕ ਵਾਲੇ ਗੁਣ ਸਨ । ਇਹਨਾਂ ਕਰਕੇ ਹੀ ਉਹ "ਨਾਨਕੀ" ਪ੍ਰਸਿੱਧ ਹੋਈ ।

ਉਹ ਭਰਾ ਦੇ ਆਚਾਰ ਵਿਹਾਰ ਦੀ ਜਾਣੂ ਸੀ । ਜਦੋਂ ਪਿਤਾ ਜੀ ਨਾਨਕ ਨੂੰ ਸਮਝ ਨਾ ਸਕਦੇ ਤਾਂ ਉਹ ਮੱਦਦ ਲਈ ਆਉਂਦੀ । ਜਦੋਂ ਪਿਤਾ ਜੀ ਤਲਖ਼ ਹੁੰਦੇ ਤਾਂ ਉਹ ਕਰੋਧ ਟਾਲ ਦੇਂਦੀ । ਇਕ ਦਿਨ ਗੁਰੂ ਨਾਨਕ ਨੇ ਠੰਢ ਨਾਲ ਠਰਦੇ ਇਕ ਗ਼ਰੀਬ ਨੂੰ ਆਪਣਾ ਗਰਮ ਕੰਬਲ ਦੇ ਦਿੱਤਾ । ਪਿਤਾ ਜੀ ਗੁੱਸੇ ਨਾਲ ਭਰ ਗਏ ਅਤੇ ਮਾਰ ਕੁਟਾਈ ਲਈ ਤਿਆਰ ਹੋ ਗਏ । ਭੈਣ ਨੇ ਵਿਚ ਵਿਚਾਲੇ ਹੋ ਕੇ ਭਰਾ ਨੂੰ ਬਚਾ ਲਿਆ । ਉਸ ਨੇ ਪਿਤਾ ਜੀ ਨੂੰ ਦੱਸਿਆ ਕਿ ਨਾਨਕ ਮਹਾਨ ਪੁਰਖ ਬਣੇਗਾ । ਉਸ ਨੇ ਆਪਣੇ ਭਰਾ ਦੀ ਮਹਾਨਤਾ ਨੂੰ ਸਭ ਤੋਂ ਪਹਿਲਾਂ ਪਛਾਣਿਆ । ਅਸਲ ਵਿਚ ਉਹ ਗੁਰੂ ਜੀ ਦਾ ਪਹਿਲਾ ਸਿਖ ਸੀ ।

ਇਕ ਦਿਨ ਸੁਲਤਾਨਪੁਰ ਦਾ ਇਕ ਅਫ਼ਸਰ ਸਰਕਾਰੀ ਕੰਮ ਲਈ ਤਲਵੰਡੀ ਆਇਆ । ਉਸ ਨੇ ਨਾਨਕੀ ਨੂੰ ਖੂਹ ਉੱਤੇ ਪਾਣੀ ਭਰਦਿਆਂ ਵੇਖਿਆ । ਉਸ ਨੂੰ ਉਹ ਸੁੰਦਰ, ਸੁਸ਼ੀਲ ਤੇ ਸੁਚੱਜੀ ਲੱਗੀ । ਉਹ ਅਜੇ ਕੰਵਾਰਾ ਸੀ । ਉਸ ਦੇ ਮਾਪੇ ਮਰ ਚੁੱਕੇ ਸਨ । ਉਸ ਨੇ ਆਪਣਾ ਵਿਆਹ ਆਪ ਹੀ ਰਚਾਉਣਾ ਸੀ । ਉਸ ਨੇ ਸਥਾਨਕ ਮੁਖੀਏ ਰਾਏ ਬੁਲਾਰ ਰਾਹੀਂ ਬੀਬੀ ਨਾਨਕੀ ਦੇ ਪਿਤਾ ਨਾਲ ਵਿਆਹ ਬਾਰੇ ਗੱਲ ਚਲਾਈ । ਬਾਬਾ ਕਾਲੂ ਨੇ ਜੈ ਰਾਮ ਜੇਹੇ ਨੇਕ ਮਨੁੱਖ ਨਾਲ ਰਿਸ਼ਤਾ ਕਰਨਾ ਪਸੰਦ ਕੀਤਾ । ਇਨ੍ਹਾਂ ਦਾ ਵਿਆਹ ਹੋ ਗਿਆ । ਇਸ ਤੋਂ ਪਿਛੋਂ ਉਹ ਪਤੀ ਪਾਸ ਸੁਲਤਾਨਪੁਰ ਰਹਿਣ ਲੱਗੀ ।

ਉਸ ਸਮੇਂ ਸੁਲਤਾਨਪੁਰ ਜਲੰਧਰ ਦੁਆਬ ਦੀ ਰਾਜਧਾਨੀ ਸੀ । ਇਸ ਦਾ ਹਾਕਮ ਦੌਲਤ ਖ਼ਾਂ ਲੋਧੀ ਸੀ । ਇਹ ਦਿੱਲੀ ਦੇ ਸੁਲਤਾਨ ਬਹਿਲੋਲ ਲੋਧੀ ਦਾ ਰਿਸ਼ਤੇਦਾਰ ਸੀ । ਜੈ ਰਾਮ ਉਸ ਦੇ ਅਧੀਨ ਮਾਲ ਅਫ਼ਸਰ ਸੀ । ਜ਼ਮੀਨਾਂ ਦੀ ਪੈਮਾਇਸ਼ ਕਰ ਕੇ ਮਾਲੀਆ ਲਾਉਣਾ ਉਸਦਾ ਕੰਮ ਸੀ ।

ਅੱਜ ਕੱਲ ਮਾਲੀਆ ਰੁਪਿਆਂ ਵਿਚ ਤਾਰਿਆ ਜਾਂਦਾ ਹੈ, ਪਰ ਉਸ ਸਮੇਂ ਵਿਚ ਇਹ ਜਿਨਸ ਵਿਚ ਦਿੱਤਾ ਜਾਂਦਾ ਸੀ । ਇਸ ਤਰ੍ਹਾਂ ਇਕੱਠਾ ਹੋਇਆ ਅਨਾਜ, ਸਰਕਾਰ ਆਪਣੀਆਂ ਦੁਕਾਨਾਂ ਰਾਹੀਂ ਵੇਚਦੀ ਸੀ । ਇਕ ਅਜਿਹੀ ਦੁਕਾਨ ਸੁਲਤਾਨਪੁਰ ਵਿਚ ਚਲਦੀ ਸੀ । ਇਹ ਨਵਾਬ ਦੀ ਨਿਗਰਾਨੀ ਹੇਠ ਸੀ ।

ਜਦੋਂ ਬੀਬੀ ਨਾਨਕੀ ਨੇ ਸੁਲਤਾਨਪੁਰ ਵਿਚ ਆਪਣਾ ਘਰ ਬਣਾ ਲਿਆ ਤਾਂ ਉਹ ਆਪਣੇ ਭਰਾ ਨੂੰ ਵੀ ਇਥੇ ਲਿਆਉਣਾ ਚਾਹੁੰਦੀ ਸੀ । ਉਹ ਘਰ ਵਿਚ ਬੇਕਾਰ ਸੀ । ਇਸ ਕਰਕੇ ਮਾਪੇ ਦੁਖੀ ਸਨ । ਉਹ ਜਾਣਦੀ ਸੀ ਕਿ ਭਰਾ ਉਸ ਨੂੰ ਪਿਆਰ ਕਰਦਾ ਹੈ ਅਤੇ ਉਸ ਦੀ ਗੱਲ ਅਵੱਸ਼ ਮੰਨੇਗਾ । ਜੇ ਉਹ ਸੁਲਤਾਨਪੁਰ ਆ ਜਾਵੇ ਤਾਂ ਉਹ ਉਸ ਨੂੰ ਕਾਰ ਕਰਨ ਵੀ ਲਾ ਲਏਗੀ । ਇਹ ਸੋਚ ਕੇ ਉਸ ਨੇ ਆਪਣੇ ਪਤੀ ਨੂੰ ਤਲਵੰਡੀ ਭੇਜਿਆ ਕਿ ਉਹ ਨਾਨਕ ਨੂੰ ਨਾਲ ਲੈ ਆਵੇ ।

ਨਾਨਕ ਆਇਆ ਤੇ ਭੈਣ ਪਾਸ ਰਹਿਣ ਲੱਗਾ । ਕੁਝ ਸਮੇਂ ਬਾਅਦ ਉਸ ਨੇ ਮਹਿਸੂਸ ਕੀਤਾ ਕਿ ਕੋਈ ਕਾਰ



www.AKJ.Org

ਕਰਨੀ ਚਾਹੀਦੀ ਹੈ। ਉਸ ਨੇ ਆਪਣੇ ਜੀਜਾ ਜੀ ਨੂੰ ਕੋਈ ਕੰਮ ਲੱਭਣ ਲਈ ਕਿਹਾ। ਜੈ ਰਾਮ ਉਸ ਨੂੰ ਨਵਾਬ ਪਾਸ ਲੈ ਗਿਆ, ਜਿਸ ਨੇ ਉਸ ਨੂੰ ਦੁਕਾਨ ਦਾ ਮੋਦੀ ਬਣਾ ਦਿਤਾ। ਨਾਨਕ ਨੇ ਕੰਮ ਵਿਚ ਮਨ ਲਾਇਆ ਅਤੇ ਥੋੜੇ ਸਮੇਂ ਵਿਚ ਹੀ ਸਿਆਣਾ ਵਪਾਰੀ ਬਣ ਗਿਆ।

ਇਸ ਸਮੇਂ ਨਾਨਕ ਦੀ ਉਮਰ ੧੯ ਸਾਲ ਦੀ ਸੀ। ਭੈਣ ਨੇ ਉਸ ਦੇ ਵਿਆਹ ਬਾਰੇ ਸੋਚਿਆ। ਉਸ ਨੇ ਜ਼ਿਲਾ ਗੁਰਦਾਸਪੁਰ ਦੇ ਬਟਾਲਾ ਨਗਰ ਵਿਚ ਇਕ ਹਿੰਦੂ ਘਰਾਣੇ ਦੀ ਲੜਕੀ ਸਗਾਈ ਲਈ ਲੱਭ ਲਈ।

ਜੈ ਰਾਮ ਵਿਆਹ ਵਿਚ ਸ਼ਾਮਲ ਨਾ ਹੋ ਸਕਿਆ, ਪਰ ਬੀਬੀ ਨਾਨਕੀ ਨੇ ਸਾਰੇ ਕਾਰਜਾਂ ਨੂੰ ਆਪਣੀ ਨਿਗਰਾਨੀ ਹੇਠ ਸਿਰੇ ਚਾੜ੍ਹਿਆ। ਜਦੋਂ ਪੁੱਤਰ ਪੈਦਾ ਹੋਏ ਤਾਂ ਭੈਣ ਨੇ ਹੀ ਦੇਖ ਭਾਲ ਦੀ ਜ਼ਿੰਮੇਵਾਰੀ ਨਿਭਾਈ। ਉਸ ਦੇ ਆਪਣੀ ਔਲਾਦ ਨਹੀਂ ਸੀ। ਇਸ ਲਈ ਉਸ ਨੇ ਭਰਾ ਦੇ ਬੱਚਿਆਂ ਦਾ ਪਾਲਣ ਪੋਸ਼ਣ ਖ਼ੁਸ਼ੀ ਤੇ ਚਾਅ ਨਾਲ ਸਾਂਭ ਲਿਆ। ਜਦੋਂ ਨਾਨਕ ਲੰਮੇ ਸਫ਼ਰਾਂ, ਭਾਵ, ਉਦਾਸੀਆਂ ਉੱਤੇ ਗਏ ਤਾਂ ਉਸ ਨੇ ਵਿਛੋੜੇ ਦਾ ਬਹੁਤ ਦੁੱਖ ਮਨਾਇਆ।

ਭੈਣ ਨੇ ਕਿਹਾ, "ਪਿਆਰੇ ਵੀਰ! ਤੈਨੂੰ ਵੇਖਣ ਬਗ਼ੈਰ ਮੇਰੇ ਦਿਨ ਕਿਵੇਂ ਲੰਘਣਗੇ।" ਗੁਰੂ ਨਾਨਕ ਨੂੰ ਵੀ ਭੈਣ ਤੋਂ ਵਿਛੜਨ ਦਾ ਬਹੁਤ ਦੁੱਖ ਸੀ। ਉਸ ਨੇ ਉੱਤਰ ਵਿਚ ਕਿਹਾ, "ਜਿਥੇ ਮਾਲਕ ਭੇਜੇ ਉੱਥੇ ਅਵੱਸ਼ ਜਾਣਾ ਪਵੇਗਾ, ਪਰ ਜਦੋਂ ਤੁਸੀਂ ਤੀਬਰਤਾ ਨਾਲ ਯਾਦ ਕਰੋਗੇ, ਮੈਂ ਹਰ ਹਾਲਤ ਵਿਚ ਬਹੁੜਿਆ ਕਰਾਂਗਾ।"

ਲਿਖਤ ਵਿਚ ਆਉਂਦਾ ਹੈ ਕਿ ਜਦੋਂ ਭੈਣ ਨੇ ਯਾਦ ਕੀਤਾ, ਗੁਰੂ ਨਾਨਕ ਦੁਰੇਡੇ ਪੈਂਡਿਆਂ ਤੋਂ ਦਰਸ਼ਨਾਂ ਲਈ ਪੁੱਜਦਾ ਰਿਹਾ। ਉਸ ਨੂੰ ਭੈਣ ਨਾਲੋਂ ਧਰਤੀ ਤੇ ਕੋਈ ਹੋਰ ਪਿਆਰਾ ਨਹੀਂ ਸੀ। ਉਹ ਵੀ ਕੇਵਲ ਭਰਾ ਕਰਕੇ ਨਹੀਂ ਜਾਣਦੀ ਸੀ, ਸਗੋਂ ਧਰਤੀ ਉੱਤੇ ਫਿਰਦਾ ਕਰਤਾਰ ਪਛਾਣਦੀ ਸੀ।

੧੫੧੮ ਵਿਚ ਜਦੋਂ ਨਾਨਕੀ ਦੀ ਉਮਰ ੫੪ ਸਾਲ ਦੀ ਹੋਈ ਤਾਂ ਉਸ ਨੇ ਅਨੁਭਵ ਕੀਤਾ ਕਿ ਅੰਤ ਨੇੜੇ ਆ ਗਿਆ ਹੈ। ਉਸ ਨੇ ਭਰਾ ਨੂੰ ਪਾਸ ਬੁਲਾਇਆ ਅਤੇ ਪ੍ਰਾਰਥਨਾ ਕੀਤੀ ਕਿ ਉਹ ਅੰਤਲੇ ਸਵਾਸਾਂ ਤੱਕ ਉਸ ਪਾਸ ਰਹੇ।

ਉਹ ਇਕ ਸੁਹਿਰਦ ਪਤਨੀ ਤੇ ਪਿਆਰ ਭਰਪੂਰ ਭੈਣ ਸੀ। ਭਾਵੇਂ ਉਹ ਸੰਸਾਰੀ ਬੁੱਧੀ ਵਿਚ ਪਤੀ ਨਾਲੋਂ ਸਿਆਣੀ ਸੀ, ਪਰ ਉਹ ਆਗਿਆਕਾਰ ਤੇ ਨਿਮਰ ਭਾਵ ਵਿਚ ਰਹਿਣ ਵਾਲੀ ਸੀ। ਆਪਣੇ ਪਤੀ ਨੂੰ ਉਸ ਨੇ ਅੰਤਲੇ ਸ਼ਬਦ ਇਉਂ ਕਹੇ: "ਪਿਆਰੇ ਜੀ! ਮੈਥੋਂ ਜੇ ਕਦੇ ਅਵੱਗਿਆ ਹੋਈ ਹੋਵੇ, ਉਸ ਦੀ ਮੈਨੂੰ ਖਿਮਾ ਬਖ਼ਸ਼ਣਾ।" ਜੈ ਰਾਮ ਨੇ ਵਿਛੋੜੇ ਦਾ ਸੱਲ ਇੰਨਾ ਅਨੁਭਵ ਕੀਤਾ ਕਿ ਤਿੰਨਾਂ ਦਿਨਾਂ ਪਿਛੋਂ ਅਕਾਲ ਚਲਾਣਾ ਕਰ ਗਿਆ।

---


## ਭਾਃ ਸਾਹਿਬ ਭਾਃ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਸੰਤ ਪਦ ਨਿਰਣਯ | ੬-੫੦ | ਰੰਗਲੇ ਸਜਣ | ੭-੦੦ |
| ਗੁਰਮਤਿ ਬਿਬੇਕ ੭-੫੦ ਜੇਲ੍ਹ ਚਿਠੀਆਂ | ੧੫-੦੦ | ਅਣਡਿਠੀ ਦੁਨੀਆ ੧੦-੦੦ ਦਰਸ਼ਨ ਝਲਕਾਂ | ੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਵਾਹਿਗੁਰੂ ਸਿਮਰਨ | ੦-੫੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਉਮਰ ਕੈਦੀ ਦਾ ਸੁਪਨਾ | ੦-੭੫ |
| ਆਸਤਕ ਤੇ ਨਾਸਤਕ | ੦-੩੫ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੬੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੩੦ | ਸਿੱਖੀ ਸਿਦਕ ਤੇ ਧਰਮ ਰੱਖਿਆ | ੦-੬੦ |
| ਸਿੰਘਾਂ ਦਾ ਪੰਥ ਨਿਰਾਲਾ | ੧-੦੦ | ਬਾਬਾ ਵੈਦ ਰੋਗੀਆਂ ਦਾ | ੦-੬੦ |
| ਅੰਮ੍ਰਿਤ ਕਲਾ | ੧-੦੦ | ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ? | ੦-੪੦ |
| ਵਿਰਲਾ ਗੁਰਮਤਿ ਚਲੈ ਜੀਉ | ੦-੫੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੮੦ |





www.AKJ.Org

## ਰਿਸ਼ਤੇ ਨਾਤੇ--

ਨੋਟ : ੧. ਚਿੱਠੀ ਵਾਲੇ ਲਫ਼ਾਫ਼ੇ ਦੇ ਬਾਹਰ ਐਡਰੈਸ ਲਿਖੋ—ਫਾਰਮ ਨੰਬਰ......C/o ਸੂਰਾ, ਮਾਈ ਸੇਵਾਂ, ਅੰਮ੍ਰਿਤਸਰ । ੨. ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਚਿੱਠੀ ਪੱਤਰ ਕਰੋ । ੩. ਰਿਸ਼ਤੇ ਦੇ ਫ਼ਾਰਮ ਸੂਰਾ ਮਾਸਕ ਪੱਤਰ ਅੰਮ੍ਰਿਤਸਰ ਤੋਂ ਵਾਪਸੀ ਲਈ ਲਫ਼ਾਫ਼ਾ ਭੇਜ ਕੇ ਮੁਫਤ ਮੰਗਾਓ ।

ਫਾਰਮ ਨੰ: ੨੮੨—ਇਕ ੨੮ ਸਾਲਾ ਬੀਬੀ ਐਮ. ਏ. ਪਾਸ ਧਾਰਮਕ ਲਈ ਪੜ੍ਹੇ ਲਿਖੇ ਯੋਗ ਵਰ ਦੀ ਲੋੜ ਹੈ ।

ਫਾਰਮ ਨੰ: ੨੮੩—ਇਕ ੨੫ ਸਾਲਾ ਬੀ. ਏ. II ਪਾਸ ਬੀਬੀ ਕੱਦ ਸਵਾ ਪੰਜ ਫੁਟ ਲਈ ਵਰ ਦੀ ਲੋੜ ਹੈ ।

ਫਾਰਮ ਨੰ: -੮੪—ਇਕ ੨੧½ ਸਾਲਾ ਬੀਬੀ ਕੱਦ ੫'-੩" ਬੀ. ਐਸ. ਸੀ. ਪਾਸ ਲਈ ਵਰ ਦੀ ਲੋੜ ਹੈ ।

ਫਾਰਮ ਨੰ: ੨੮੫—ਇਕ ੨੭ ਸਾਲਾ ਬੀਬੀ ਕੱਦ ੫ ਫੁਟ-ਐਮ. ਏ. ਪਾਸ, ਇਕ ੨੫ ਸਾਲਾ ਬੀਬੀ ਕੱਦ ੫'-੪" ਐਮ ਕੌਮ ਲਈ ਯੋਗ ਵਰਾਂ ਦੀ ਲੋੜ ਹੈ ।

ਫਾਰਮ ਨੰ: ੨੮੬—ਇਕ ੨੯ ਸਾਲਾ ਸਿੰਘ ਐਮ. ਕੌਮ; ਐਲ. ਐਲ. ਬੀ. ਆਫੀਸਰ ਬੈਂਕ ਲਈ ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ।

ਫਾਰਮ ਨੰ: ੨੮੭—ਇਕ ੨੩ ਸਾਲਾ ਬੀਬੀ ਬੀ. ਏ. II ਲਈ ਯੋਗ ਵਰ ਦੀ ਲੋੜ ਹੈ ।

ਫਾਰਮ ਨੰ: ੨੮੮—ਇਕ ੪੦ ਸਾਲਾ ਦੁਹਾਜੂ ਸਿੰਘ ਬੀ.ਏ. ਟੈਕਸਟਾਈਲ, ਮੈਨੇਜਰ ਸਰਕਾਰੀ ਅਦਾਰਾ ਤਨਖਾਹ ੩੨੦੦ ਸੌ ਰੁਪਏ, ਤਿੰਨ ਬੱਚੇ ਉਮਰ ੧੪, ੧੨, ੧੦ ਸਾਲ ਲਈ ਗੁਰਮਤਿ ਵਿਚ ਪ੍ਰਪਕ ਯੋਗ ਰਿਸ਼ਤੇ ਦੀ ਲੋੜ ਹੈ ।

ਫਾਰਮ ਨੰ: ੨੮੯ —ਇਕ ੨੭ ਸਾਲਾ ਸਿੰਘ ਐਮ. ਐਸ. ਸੀ. ਬੈਂਕ ਸਰਵਿਸ ਮਾਸਕ ੧੪੦੦ ਰੁਪਏ ਲਈ ਮੁਕਾਬਲੇ ਦੀ ਪੜ੍ਹੀ ਹੋਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।

ਫਾਰਮ ਨੰ: ੨੯੦—ਇਕ ੨੦ ਸਾਲਾ ਦੁਹਾਜੂ ਬੀਬੀ, ਪੰਜ ਬਾਣੀਆਂ ਕੰਠ, ਨਿਤਨੇਮੀ, ਗਿਆਨੀ, ਹਾਇਰ-ਸੈਕੰਡਰੀ ਪਾਸ, ਇਕ ਲੜਕਾ ਡੇਢ ਸਾਲ, ਲਈ ਗੁਰਸਿਖ ਵਰ ਦੀ ਲੋੜ ਹੈ ।

ਫਾਰਮ ਨੰ: ੨੯੧—ਇਕ ੨੫ ਸਾਲਾ ਬੀ. ਏ. ਪਾਸ ਸਿੰਘ, ਕੱਦ ੫'-੯", ਪੱਕੀ ਨੌਕਰੀ, ਮਾਸਿਕ ੧੫੦੦ ਰੁਪਏ, ਲਈ ਯੋਗ ਰਿਸ਼ਤੇ ਦੀ ਲੋੜ ਹੈ ।

ਫਾਰਮ ਨੰ: ੨੯੨—ਇਕ ੨੬ ਸਾਲਾ ਜੇ. ਬੀ. ਟੀ. ਪ੍ਰੈਪ ਪਾਸ ਬੀਬੀ, ਆਪਣਾ ਸਕੂਲ, ਮਾਸਿਕ ੧੫੦੦ ਰੁਪਏ, ਲਈ ਯੋਗ ਵਰ ਦੀ ਲੋੜ ਹੈ।

ਫਾਰਮ ਨੰ: ੨੯੩—ਇਕ ਸਾਢੇ ੨੨ ਸਾਲਾ ਬੀਬੀ, ਬੀ. ਏ. ਪਾਸ, ਕੀ ਪੰਚਿੰਗ ਟਾਈਪ ਅਤੇ ਕੀਰਤਨ ਜਾਣਦੀ ਲਈ ਯੋਗ ਵਰ ਦੀ ਲੋੜ ਹੈ ।

---

## ਭਾ. ਸਾਃ ਭਾਈ ਰਣਧੀਰ ਸਿੰਘ ਜੀ ਪਾਠ-ਉਤਸ਼ਵ ਸਕੀਮ

ਜਿਨ੍ਹਾਂ ਬੱਚਿਆਂ ਨੇ ਉਪਰੋਕਤ ਸਕੀਮ ਹੇਠ ਪੋਹ ਸੁਦੀ ਸਪਤਮੀ ਸਮਾਗਮ ਲੁਧਿਆਣਾ ਸਮੇਂ, ਪ੍ਰੀਖਿਆ ਵਿਚ ਭਾਗ ਲੈਣਾ ਹੈ ਉਹ ਬੱਚੇ ਲੁੜੀਂਦੇ ਫ਼ਾਰਮ ਹੇਠ ਲਿਖੇ ਪਤੇ ਤੋਂ ਮੰਗਵਾ ਕੇ , ਉਨ੍ਹਾਂ ਨੂੰ ਠੀਕ ਢੰਗ ਨਾਲ ਭਰ ਕੇ ਪਹਿਲੀ ਦਸੰਬਰ ਤਕ ਇਸੇ ਪਤੇ ਤੇ ਭੇਜਣ ਦੀ ਕਿਰਪਾਲਤਾ ਕਰਨ—

ਭਾਈ ਬਲਬੀਰ ਸਿੰਘ ਜੀ, ੨੩-ਜੀ, ਸਰਾਭਾ ਨਗਰ, ਲੁਧਿਆਣਾ

## ਸਿੱਖ : ਇੱਕ ਵੱਖਰੀ ਕੌਮ

ਸਿੱਖਾਂ ਦਾ ਧਾਰਮਿਕ, ਸਮਾਜਿਕ, ਸਭਿਆਚਾਰਕ, ਇਤਿਹਾਸਕ ਤੇ ਰਾਜਨੀਤਿਕ ਵਿਰਸਾ 'ਸਿੱਖ ਕੌਮ' ਦੀ ਅਟੱਲ ਸੱਚਾਈ ਨੂੰ ਪਰਮਾਣਿਤ ਕਰਦਾ ਹੈ । 'ਕੌਮ' ਦੀਆਂ ਪਰਮਾਣਿਕ ਪਰਿਭਾਸ਼ਾਵਾਂ ਦੀ ਕਸਵੱਟੀ ਅਨੁਸਾਰ ਵੀ ਸਿੱਖ "ਕੌਮ" ਪਦ ਦੇ ਅਧਿਕਾਰੀ ਹਨ । ਇਸ ਪੁਸਤਕ ਵਿਚ ਦੋ ਨਵੇਂ ਲੇਖਾਂ ਸਹਿਤ ੧੩ ਵਿਦਵਾਨਾਂ ਦੇ ਲੇਖ ਹਨ, ਜੋ ਸਿੱਖ ਕੌਮ ਦੀ ਵਿਲੱਖਣ ਹੋਂਦ ਦੇ ਸੱਚ ਨੂੰ ਵੱਖ ਵੱਖ ਪੱਖਾਂ ਤੋਂ ਦ੍ਰਿੜ੍ਹਾਉਂਦੇ ਹਨ । ਪੰਨੇ ੨੬੪, ਭੇਟਾ ੬ ਰੁਪਏ



www.AKJ.Org

# ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਪਰੋਗਰਾਮ

ਭਾਈ ਰਾਜਿੰਦਰ ਸਿੰਘ ਡਡਲੀ ਤੋਂ ਸੂਚਤ ਕਰਦੇ ਹਨ ਕਿ—

1. ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸਿੰਚਾਰ 6 ਦਸੰਬਰ ਸ਼ਨੀਵਾਰ ਰਾਤ ਨੂੰ
Guru Nanak Gurdwara, High st, Smethwick, West Midlands (U.K.)
ਪੁਛ ਗਿਛ—ਫੋਨ 0 1-558-2527 ਜਾਂ ਭਾ: ਸਵਰਨ ਸਿੰਘ 021-558-3100

2. **ਹਾਲੈਂਡ (ਐਮਸਟਰਡਾਮ) ਵਿਖੇ ਗੁਰਪੁਰਬ ਸਮਾਗਮ ਤੇ ਉਦਘਾਟਨ ਗੁਰਦਵਾਰਾ ਸਾਹਿਬ**
੧੪ ਤੋਂ ੧ ਸ੍ਰੀ ਅਖੰਡਪਾਠ ਸਾਹਿਬ (ਪ੍ਰਥਾਇ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ) ਉਪਰੰਤ ਅਖੰਡ ਕੀਰਤਨ ਤੇ ਅੰਮ੍ਰਿਤ ਸਿੰਚਾਰ ਹੇਠ ਲਿਖੇ ਨਵੇਂ ਗੁਰਦਵਾਰਾ ਸਾਹਿਬ ਵਿਖੇ—
Guru Nanak Gurdwara, Gerard Dou Str 69/69 A, Amsterdam, Holland,
ਪੁਛ ਗਿਛ—ਭਾਈ ਸੁਚਾ ਸਿੰਘ, ਫੋਨ 020-946390 (ਅਖੰਡ ਕੀਰਤਨੀ ਜਥਾ ਹਾਲੈਂਡ)

**ਇਗਲੈਂਡ ਦੇ ਚੰਦੇ ਤੇ ਅਮਾਨਤੀ ਲਾਈਫ ਮੈਂਬਰੀ ਦੇ ਬਕਾਏ ਯੂ. ਕੇ. ਵਿਚ ਜਮ੍ਹਾ ਕਰਾਓ ਜੀ**
S. Gurnam Singh, 10-Lambourne Gardens, Early, Reading, Berks U. K.

---

**ਮਾਸਕ ਰੈਣ ਸਬਾਈ ਕੀਰਤਨ ਪਿੰਡ ਘਨਗਸ (ਲੁਧਿਆਣਾ) ਵਿਖੇ ਡਾ: ਕੌਰ ਸਿੰਘ ਜੀ ਗ੍ਰਹਿ ਵਿਖੇ**
ਮਾਸਟਰ ਸਤਵੰਤ ਸਿੰਘ ਸੂਚਨਾ ਦੇਂਦੇ ਹਨ ਕਿ ਡਾ: ਕੌਰ ਸਿੰਘ ਜੋਦੜੀ ਕਰਦੇ ਹਨ ਕਿ ਸੰਗਤਾਂ ਉਨ੍ਹਾਂ ਦੇ ਗ੍ਰਹਿ ਵਿਖੇ ਆਖਰੀ ਰੈਣ ਸਬਾਈ ਸਮਝ ਕੇ ੮ ਨਵੰਬਰ ਸ਼ਨੀਵਾਰ ਰਾਤ ਨੂੰ ਜ਼ਰੂਰ ਦਰਸ਼ਨ ਦੇਣ ਅਤੇ ਉਨ੍ਹਾਂ ਨੂੰ ਆਖਰੀ ਖੁਸ਼ੀਆਂ ਬਖਸ਼ਣ ।

**ਚੰਡੀਗੜ੍ਹ ੧੪੭੦ ਸੈਕਟਰ ੪੩ ਬੀ. ਵਿਖੇ ਹਰ ਸ਼ਨੀਵਾਰ ਸ਼ਾਮ ੭ ਤੋਂ ੯ ਗੁਰਬਾਣੀ ਕੀਰਤਨ ਸ੍ਰਵਣ ਕਰੋ**

**ਦੋਰਾਹਾ ਮੰਡੀ ਵਿਖੇ ੨੫ ਤੋਂ ੨੮ ਦਸੰਬਰ ਤਕ ਕੀਰਤਨ ਪ੍ਰੋਗਰਾਮ—ਵੇਰਵਾ ਆਉਂਦੇ ਮਹੀਨੇ**

**ਕਾਲਾਬਾਲਾ (ਗੁਰਦਾਸਪੁਰ) ਵਿਖੇ ਨਵੰਬਰ ੮੪ ਦੰਗਿਆਂ ਦੇ ੩ ਸ਼ਹੀਦ ਬੱਚਿਆਂ ਦੀ ਯਾਦ**
੨੩ ਨਵੰਬਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ । ਦਾਸ ਗਿ: ਕਰਨੈਲ ਸਿੰਘ

---

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਵਲੋਂ ਇਸ ਮਹੀਨੇ ਹੇਠ ਲਿਖੇ ਅਨੁਸਾਰ ਮਾਇਆ ਪੁਜੀ ਹੈ—

| | | | |
|---|---|---|---|
| ਭਾ: ਹਰਮਹਿੰਦਰ ਸਿੰਘ ਜੈਪੁਰ ਬੱਚੀ ਦੇ ਅਨੰਦ ਸਮੇਂ | ੨੦੯-੩੫ | ਗੁਪਤ, ਹਾਪੜ (ਗੁਰੂ ਕੀ ਗੋਲਕ) | ੫੦੦-੦੦ |
| ਸੰਗਤ ਪਟਨਾ ਸਾਹਿਬ | ੨੧੦੦-੦੦ | ਸ: ਅਤਰ ਸਿੰਘ ਕਥੂਰੀਆ, ਨਵੀਂ ਦਿਲੀ | ੨੫੦-੦੦ |
| ਗੁਰਦਵਾਰਾ ਸਾਧ ਸੰਗਤ ਜਰਮਨੀ | ੧੪੨੪-੫੫ | ਗੁਪਤ, ਦਿਲੀ | ੧੦੧-੦੦ |
| ਅਖੰਡ ਕੀਰਤਨੀ ਜਥਾ ਸਮਾਗਮ ਗ੍ਰੇਵਜ਼ੈਂਡ ਯੂ ਕੇ. | ੧੮੭੭-੫੯ | ਮਾਤਾ ਚਰਨਜੀਤ ਕੌਰ ਐਸ, ਏ. ਐਸ. ਨਗਰ | ੧੫੦-੦੦ |
| ਗੁ: ਸਿੰਘ ਸਭਾ ਸਾਊਥਹਾਲ ਰੈਣ ਸਬਾਈ ਸਮੇਂ | ੫੫੦੬-੨੬ | ਬੀ: ਅਮਰਜੀਤਕੌਰ ਅਜੀਤਨਗਰ ਅੰਮ੍ਰਿਤਸਰ (ਚੜ੍ਹਾਵਾ) | ੬੩-੦੦ |
| ਸ: ਮੋਹਨ ਸਿੰਘ ਵਾਰੰਟ ਅਫਸਰ ਰੀ: ਕਾਨਪੁਰ | ੩੫੦-੦੦ | ਸ: ਸ਼ਿੰਗਾਰਾ ਸਿੰਘ ਕਰੇਨ ਉਪਰੇਟਰ, ਕੁਵੈਤ | ੧੦੦੦-੦੦ |
| ਭਾਈ ਜਗਜੀਤ ਸਿੰਘ, ਦਿਲੀ | ੫੦-੦੦ | ਸ: ਸੰਤੋਖ ਸਿੰਘ K. O. C. ਕੁਵੈਤ | ੫੦੦-੦੦ |
| ਸ: ਅਤਰ ਸਿੰਘ, ਨਵੀਂ ਦਿਲੀ-੧੮ | ੨੫੦-੦੦ | ਸੂਬੇਦਾਰ ਮਹਿੰਦਰ ਸਿੰਘ, ਅਰਨਗਾਉਂ (ਮਹਾਰਾਸ਼ਟਰ) | ੧੦੦-੦੦ |
| ਭਾਈ ਅਜੀਤ ਸਿੰਘ, ਦਿਲੀ | ੧੫੧੦-੦੦ | ਬੀਬੀ ਸਤਬੀਰ ਕੌਰ, ਸ੍ਰੀ ਅੰਮ੍ਰਿਤਸਰ | ੫੦੦-੦੦ |
| ਭਾਈ ਅਜੀਤ ਸਿੰਘ, ਕੈਰੋਂ | ੧੦੦-੦੦ | ਭਾ: ਇਕਬਾਲ ਸਿੰਘ, ਅਜੀਤ ਨਗਰ Asr. (ਚੜ੍ਹਾਵਾ) | ੮੨-੦੦ |

### ਪੀੜਤ ਪਰਵਾਰਾਂ ਨੂੰ ਸਹਾਇਤਾ

ਬੀਬੀ ਜਸਵੰਤ ਕੌਰ ਸੁਪਤਨੀ ਭਾਈ ਜੋਗਿੰਦਰ ਸਿੰਘ ਪਿੰਡ ਅਖਾੜਾ (ਲੁਧਿਆਣਾ) ਨੂੰ ਮਾਸਕ ਸਹਾਇਤਾ ੩੦੦-੦੦
ਸ: ਪ੍ਰੇਮ ਸਿੰਘ, ਗੁਰੂ ਤੇਗ ਬਹਾਦਰ ਮਾਰਕੀਟ, ਪਟਿਆਲਾ ਨੂੰ ਰੁਜ਼ਗਾਰ ਲਈ ਥ੍ਰੀ-ਵੀਲਰ ਖ੍ਰੀਦੇ ਜਾਣ ਵਿਚ ਸਹਾਇਤਾ ਦੇਣ ਦਾ ਫ਼ੈਸਲਾ ੧੦੦੦੦-੦੦

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਸ੍ਰੀ ਅੰਮ੍ਰਿਤਸਰ

www.AKJ.Org

# ਜਲੰਧਰ ਵਿਖੇ ਸਾਲਾਨਾ ਨਿਰੰਕਾਰੀ ਗੁਰਪੁਰਬ ਸਮੇਂ ਅਖੰਡ ਕੀਰਤਨ

## ਸਮਾਗਮ ੧੪ ਨਵੰਬਰ ਸ਼ੁਕਰਵਾਰ ਸਵੇਰ ਤੋਂ ੧੭ ਨਵੰਬਰ ਸੋਮਵਾਰ ਸਵੇਰ ਤਕ

ਪਿਛਲੇ ਸਾਲਾਂ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਉਤਸ਼ਵ ਸਮਾਗਮ ਅਖੰਡ ਕੀਰਤਨੀ ਜਥਿਆਂ ਵਲੋਂ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਹੇ ਹਨ। ਸਮੂਹ ਵੀਰ ਭੈਣਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

੧੪-੧੧-੮੬ ਸਵੇਰੇ ੩ ਤੋਂ ੫ ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡਪਾਠ-ਲਾਇਲਪੁਰ ਖਾ: ਹਾ: ਸੈ: ਸਕੂਲ
ਸ਼ਾਮ ੬-੩੦ ਤੋਂ ੯-੩੦ ਸੋਦਰ ਉਪਰੰਤ ਅਖੰਡ ਕੀਰਤਨ ਗੁਰਦਵਾਰਾ ਮਹੱਲਾ ਮਖਦੂਮਪੁਰਾ, ਨਕੋਦਰ ਰੋਡ

੧੫-੧੧-੮੬ ਸਵੇਰੇ ੫ ਤੋਂ ੧੧ ਅਖੰਡ ਕੀਰਤਨ ਲਾਇਲਪੁਰ ਖਾ: ਹਾ: ਸੈ: ਸਕੂਲ
ਸ਼ਾਮ ੬-੩੦ ਤੋਂ ੯-੩੦ ਸੋਦਰ ਉਪਰੰਤ ਅਖੰਡ ਕੀਰਤਨ ,, ,, ,,

੧੬-੧੧-੮੬ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਕੀਰਤਨ ਦੁਪਹਿਰ ਤਕ, ਸ਼ਾਮ ੫ ਵਜੇ ਅੰਮ੍ਰਿਤ-ਸਿੰਚਾਰ ਸਮਾਗਮ
ਰਾਤ ੭ ਵਜੇ ਸੋਦਰ ਉਪਰੰਤ ਰੈਣ ਸਬਾਈ ਕੀਰਤਨ ਅਰੰਭ, ੧੭ ਨਵੰਬਰ ਸਵੇਰੇ ੬ ਵਜੇ ਸਮਾਪਤੀ ਸਕੂਲ ਵਿਖੇ।

ਨੋਟ—ਰਿਹਾਇਸ਼ ਤੇ ਲੰਗਰ ਖਾਲਸਾ ਹਾਇਰ ਸੈਕੰਡਰੀ ਸਕੂਲ ਨਕੋਦਰ ਰੋਡ ਵਿਖੇ, ਬਿਸਤਰੇ ਲੋੜ ਮੂਜਬ ਲਿਆਓ ਜੀ।

ਪੁਛ ਗਿਛ : ਮੈਂ: ਜਸਵੰਤਸਿੰਘ ਹਰਭਜਨ ਸਿੰਘ,ਚੌਕ ਭਗਤਸਿੰਘ, ਜਲੰਧਰ, ਫੋਨ ੭੫੨੧੨
(੨) ਕਰਨਲ ਦਲਜੀਤ ਸਿੰਘ, ਮਿਠਾਪੁਰ, ਜਲੰਧਰ, ਫ਼ੋਨ ੨੩੫੨

ਦਾਸਰੇ
ਅਖੰਡ ਕੀਰਤਨੀ ਜਥਾ, ਜਲੰਧਰ

---

## ਗੁ: ਚਰਨ ਕੰਵਲ ਬੰਗਾ ਵਿਖੇ ਸਾਲਾਨਾ ਸ਼ਹੀਦੀ ਗੁਰਪੁਰਬ

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਗੁਰਦਵਾਰਾ ਚਰਨ ਕੰਵਲ ਬੰਗਾ ਪਾ: ੬ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ। ਹੁੰਮ ਹੁੰਮਾ ਕੇ ਪੁਜੋ ਤੇ ਖੁਸ਼ੀਆਂ ਲਵੋ ਜੀ।

੩ ਦਸੰਬਰ ਸ਼ਾਮ ੭ ਤੋਂ ੯ ਕੀਰਤਨ ਗੁ: ਪਾ: ੬ ਸੋਤਰਾਂ। ੪ ਦਸੰਬਰ ਸਵੇਰੇ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ ਗੁ: ਚਰਨ ਕੰਵਲ, ਸ਼ਾਮ ਸੋਦਰ ਚੌਕੀ ੭ ਤੋਂ ੯ ਗੁ: ਮਾਤਾ ਸਾਹਿਬ ਕੌਰ। ੫ ਦਸੰਬਰ ਸਵੇਰੇ ਤੇ ਸ਼ਾਮ ਅਖੰਡ ਕੀਰਤਨ ਗੁ: ਦਰਬਾਰ ਹਾਲ ਗੁ: ਚਰਨ ਕੰਵਲ। ੬ ਦਸੰਬਰ ਸਵੇਰੇ ਭੋਗ ਸ੍ਰੀ ਅਖੰਡਪਾਠ ਤੇ ਦੁਪਹਿਰ ਤਕ ਕੀਰਤਨ, ਸ਼ਾਮ ੭ ਵਜੇ ਅਰੰਭ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ। ੭ ਦਸੰਬਰ ਸਵੇਰੇ ੭ ਵਜੇ ਸਮਾਪਤੀ।

ਚਰਨ ਕੰਵਲ ਗੁਰਦਵਾਰਾ ਨਵਾਂ ਸ਼ਹਿਰ ਸੜਕ ਤੇ ਹੈ। ਰਿਹਾਇਸ਼ ਲਈ ਬਿਸਤਰੇ ਨਾਲ ਲਿਆਓ ਜੀ।

ਦਾਸਰੇ—ਸੰਗਤ ਅਖੰਡ ਕੀਰਤਨੀ ਜਥਾ ਇਲਾਕਾ ਬੰਗਾ (ਜਲੰਧਰ)

---

## ਗੁਰਦੁਆਰਾ ਤੰਬੂ ਸਾਹਿਬ ਮੁਕਤਸਰ ਸਾਹਿਬ ਵਿਖੇ ਅਖੰਡ ਕੀਰਤਨ ਸਮਾਗਮ

ਭਾਈ ਮਹਾਂ ਸਿੰਘ ਜੀ ਦੀ ਟੁੱਟੀ ਗੰਢੀ ਵਾਲੇ ਮਹਾਨ ਸ਼ਹੀਦੀ ਅਸਥਾਨ ਤੇ ਗੁਰਦਵਾਰਾ ਤੰਬੂ ਸਾਹਿਬ ਵਿਖੇ ੧੧ ਦਸੰਬਰ ਨੂੰ ਸਵੇਰੇ ਕੀਰਤਨ ਆਸਾ ਦੀ ਵਾਰ ਤੋਂ ਉਪਰੰਤ ਸ੍ਰੀ ਅਖੰਡਪਾਠ ਰਖੇ ਜਾਣਗੇ ਅਤੇ ੧੩ ਦਸੰਬਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ੧੩ ਦਸੰਬਰ ਸ਼ਾਮ ੪ ਵਜੇ ਅੰਮ੍ਰਿਤ ਸਿੰਚਾਰ ਤੇ ੭ ਵਜੇ ਰੈਣ ਸਬਾਈ ਕੀਰਤਨ ਅਰੰਭ ਹੋਣਗੇ। ੧੪ ਦਸੰਬਰ ਸਵੇਰੇ ੭ ਵਜੇ ਸਮਾਪਤੀ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

—ਸਮੂਹ ਸੰਗਤ ਮੁਕਤਸਰ

ਪੁਛ ਗਿਛ—ਭਾਈ ਗੁਰਦੇਵ ਸਿੰਘ, ੭੦੪੧ ਮਲੋਟ ਰੋਡ, ਮੁਕਤਸਰ

---

## ਸ੍ਰੀ ਅੰਮ੍ਰਿਤਸਰ ਗੁ: ਟਾਹਲੀ ਸਾਹਿਬ, ਸੰਤੋਖਸਰ ਵਿਖੇ ਰੈਣ ਸਬਾਈ ਕੀਰਤਨ

ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿਚ ੨੨ ਨਵੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

---

## ਗੁ: ਵਡਾਲੀ ਸਾਹਿਬ ਵਿਖੇ ੮ ਨਵੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ

---

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org